# ਸਤਿਸੰਗ

# ਗੁਰਬਾਣੀ ਉਪਮਾ

**ਸੂਹੀ ਮਹਲਾ ੫ ॥ (ਅੰਗ 750)**
**ਸਗਲ ਤਿਆਗਿ ਗੁਰ ਸਰਣੀ ਆਇਆ**
**ਰਾਖਹੁ ਰਾਖਨਹਾਰੇ ॥**

ਹਰ ਦਫਾ ਗੁਰਬਾਣੀ ਦਾ ਯਸ਼ ਕਰਨ ਲੱਗਿਆਂ ਇਹੋ ਬੇਨਤੀ ਕਰੀਦੀ ਹੈ ਕਿ ਅਸੀਂ ਕੋਈ ਗੁਰੂ, ਪੀਰ, ਪੈਗੰਬਰ, ਔਲੀਏ, ਸਾਧੂ ਬਣ ਕੇ ਯਸ਼ ਨਹੀਂ ਕਰਦੇ ਬਲਕਿ ਹਜ਼ੂਰ ਦੀ ਬਾਣੀ ਦੇ ਕੂਕਰ-ਮਰਾਸੀ ਬਣ ਕੇ ਮਾਲਕ ਦਾ ਯਸ਼ ਕਰੀਦਾ ਹੈ ਅਤੇ ਹਰ ਵਕਤ ਇਹੋ ਬੇਨਤੀ ਕਰੀਦੀ ਹੈ ਸੱਚੇ ਪਾਤਿਸ਼ਾਹੋ ! ਜਿੰਨਾਂ ਚਿਰ ਇਸ ਤਨ ਅੰਦਰ ਸੁਆਸ ਹਨ ਕਿਰਪਾ ਕਰਕੇ ਇਸੇ ਹੀ ਤਰ੍ਹਾਂ ਆਪਣਾ ਯਸ਼ ਕਰਾਉਂਦੇ ਰਹਿਣਾ। ਦੂਸਰੀ ਬੇਨਤੀ, ਹਰ ਦਫਾ, ਆਈ ਸੰਗਤ ਅੱਗੇ ਕਰੀਦੀ ਹੈ ਕਿ ਦੁਨੀਆਂ ਉੱਤੇ ਕੋਈ ਦੇਹਧਾਰੀ ਗੁਰੂ ਨਹੀਂ ਹੈ। ਪੂਰਨ ਸੰਤਾਂ ਦੇ ਉਚਾਰਨ ਕੀਤੇ ਮਹਾਂਵਾਕ (ਗੁਰਬਾਣੀ) ਹੀ ਗੁਰੂ ਹੈ ਜਿਸ ਪ੍ਰਥਾਇ ਹਜ਼ੂਰ ਪੰਜਵੇਂ ਪਾਤਿਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੇ ਸਤਿਗੁਰੂ, ਹਜ਼ੂਰ ਚੌਥੇ ਪਾਤਿਸ਼ਾਹ, ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ, ਸੋਢੀ ਸੁਲਤਾਨ ਦੇ ਉਚਾਰਨ ਕੀਤੇ ਮਹਾਂਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਕਰ ਕੇ ਇਹ ਨਿਰਨਾ ਹੀ ਕਰ ਦਿੱਤਾ ਹੈ ਕਿ

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*
*(ਅੰਗ 982)*

ਜੋ ਪ੍ਰਾਣੀ ਗੁਰਬਾਣੀ ਦੇ ਬਚਨਾਂ ਨੂੰ ਸਤਿ ਕਰ ਕੇ ਮੰਨਦਾ ਹੈ, ਗੁਰਬਾਣੀ ਉਸਦਾ ਮਿਲਾਪ ਪਰਤੱਖ ਤਾਕਤ ਨਾਲ ਕਰਾ ਦਿੰਦੀ ਹੈ। ਪਰ ਇਸ ਭੇਦ ਦੀ ਪ੍ਰਾਪਤੀ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ?

ਜਦੋਂ ਅਸੀਂ ਖੁਦ ਪਾਠ ਕਰਦੇ ਹਾਂ ਜਾਂ ਪਾਠ, ਅਖੰਡਪਾਠ ਕਰਾਉਂਦੇ ਹਾਂ ਤਾਂ ਉਸ ਪਾਠ/ਅਖੰਡਪਾਠ ਦੇ ਭੋਗ ਉਪ੍ਰੰਤ ਜੋ ਗੁਰਵਾਕ (ਹੁਕਮਨਾਮਾ) ਆਉਂਦਾ ਹੈ ਉਹ ਸਾਡੇ ਲਈ ਗੁਰੂ ਦਾ ਹੁਕਮ ਹੁੰਦਾ ਹੈ। ਇਸ ਬਾਰੇ ਵੀ ਹਜ਼ੂਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਹਾਂਵਾਕ ਦਰਜ ਕਰ ਕੇ ਨਿਰਨਾ ਕੀਤਾ ਹੋਇਆ ਹੈ

*ਗੁਰ ਵਾਕੁ ਨਿਰਮਲੁ ਸਦਾ ਚਾਨਣੁ*
*ਨਿਤ ਸਾਚੁ ਤੀਰਥੁ ਮਜਨਾ ॥ (ਅੰਗ 687)*

ਕਿ ਸਹਿਜ ਅਵਸਥਾ ਵਿਚ ਆਇਆ ਹੁਕਮਨਾਮਾ ਸਾਰੀ ਕਾਇਨਾਤ ਵਾਸਤੇ ਚਾਨਣ ਮੁਨਾਰਾ ਹੁੰਦਾ ਹੈ ਅਤੇ ਸਾਡੇ ਕਰਮਾਂ ਦੀ ਮੈਲ ਸਾਫ਼ ਕਰਨ ਵਾਸਤੇ ਮੰਜਨ ਦਾ ਕੰਮ ਕਰਦਾ ਹੈ। ਇਸ ਲਈ ਸਾਨੂੰ ਆਪਣੀ ਰਹਿਣੀ ਉਸ ਹੁਕਮਨਾਮੇ ਅਨੁਸਾਰ ਬਣਾਉਣੀ ਚਾਹੀਦੀ ਹੈ।

ਸਭ ਤੋਂ ਪਹਿਲਾਂ ਆਈ ਸੰਗਤ ਨੂੰ ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਨਹਾਰ, ਸ਼ਹੀਦਾਂ ਦੇ ਸਿਰਤਾਜ ਦੇ 447ਵੇਂ ਅਵਤਾਰ ਪੁਰਬ ਦੀ ਲੱਖ-ਲੱਖ ਵਧਾਈ ਹੋਵੇ। ਇਸੇ ਖੁਸ਼ੀ ਵਿੱਚ ਅਖੰਡ ਪਾਠ ਕਰਵਾ ਕੇ ਭੋਗ ਪਾਏ ਗਏ ਹਨ। ਭੋਗ ਉਪਰੰਤ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਦੇ ਹੀ ਉਚਾਰਨ ਕੀਤੇ ਮਹਾਂਵਾਕ ਵਿੱਚੋਂ ਹੁਕਮਨਾਮਾ ਆਇਆ ਹੈ। ਹਜ਼ੂਰ ਆਪਣੇ ਗੁਰਪੁਰਬ ਤੇ ਖੁਸ਼ੀਆਂ, ਖੇੜੇ ਬਖਸ਼ ਕੇ ਜਿਸ ਤਰ੍ਹਾਂ ਸੰਗਤ ਵਿੱਚ ਪਿਆਰ, ਭਾਵ, ਭਰੋਸਾ ਬਖਸ਼ਿਆ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ। ਹੁਣ ਹਜ਼ੂਰ ਆਏ ਹੁਕਮਨਾਮੇ ਵਿੱਚ ਜੋ ਭੇਦ ਬਖਸ਼ ਰਹੇ ਹਨ ਉਹ ਵੀ ਆਪਾਂ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ ਉਸ ਅਕਾਲ ਪੁਰਖ ਵਾਹਿਗੁਰੂ, ਧੁਰ ਕੀ ਬਾਣੀ, ਸ਼ਬਦ ਰੂਪੀ ਤਾਕਤ ਅੱਗੇ ਅਰਦਾਸ, ਜੋਦੜੀ, ਬੇਨਤੀ ਕਰ ਰਹੇ ਹਨ ਅਤੇ ਸਾਨੂੰ ਸਮਝਾ ਰਹੇ ਹਨ ਕਿ ਤੁਸੀਂ ਵੀ ਇਸ ਤਰ੍ਹਾਂ ਦੀਆਂ ਬੇਨਤੀਆਂ ਕਰੋ। ਜਿਸ ਤਰ੍ਹਾਂ ਇੱਕ ਲੜਕੀ ਪੇਕਿਆਂ ਦੇ ਘਰ ਪੜ੍ਹਦੀ ਲਿਖਦੀ ਹੈ, ਜਵਾਨ ਹੁੰਦੀ ਹੈ। ਪਰ ਫੇਰ ਘਰ-

ਬਾਹਰ ਸਭ ਕੁਝ ਛੱਡ ਕੇ ਉਹ ਆਪਣੇ ਪਤੀ ਦੇ ਪਰਿਵਾਰ ਵਿੱਚ ਜਾ ਕੇ ਸ਼ਾਮਿਲ ਹੁੰਦੀ ਹੈ। ਇਸੇ ਲਈ ਫੇਰਿਆਂ ਸਮੇਂ ਵੀ ਸ਼ਬਦ ਗਾਇਆ ਜਾਂਦਾ ਹੈ ਕਿ

*ਉਸਤਤਿ ਨਿੰਦਾ ਨਾਨਕ ਜੀ*
*ਮੈ ਹਭ ਵੰਞਾਈ ਛੋੜਿਆ ਹਭੁ ਕਿਝੁ ਤਿਆਗੀ॥*
*ਹਭੇ ਸਾਕ ਕੂੜਾਵੇ ਡਿਠੇ*
*ਤਉ ਪਲੈ ਤੈਡੈ ਲਾਗੀ॥ (ਅੰਗ 963)*

ਪਰ ਇੱਥੇ ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਸੱਚੇ ਪਾਤਿਸ਼ਾਹੋ! ਮੈਂ ਸਭ ਕਾਮ, ਕਰੋਧ, ਲੋਭ, ਮੋਹ, ਹੰਕਾਰ ਤੋਂ ਪਿੱਛੇ ਹੱਟ ਕੇ, ਰਿਸ਼ਤੇਦਾਰੀਆਂ, ਸਾਕ ਸੰਬੰਧੀਆਂ ਨੂੰ ਛੱਡ ਕੇ ਤੁਹਾਡੇ ਚਰਨਾਂ ਵਿੱਚ ਆਇਆ ਹਾਂ। ਮੇਰੀ ਇੱਕ ਫਰਿਆਦ, ਬੇਨਤੀ ਸੁਣੋ। ਹਜ਼ੂਰ ਮੈਂ ਸਭ ਨੂੰ ਛੱਡ ਕੇ ਤੁਹਾਡੀ ਸ਼ਰਨ ਵਿੱਚ ਆਇਆ ਹਾਂ ਹੁਣ ਮੇਰੀ ਰੱਖਿਆ ਅਤੇ ਪਾਲਣਾ ਕਰੋ। ਇਸ ਤਰ੍ਹਾਂ ਦੀਆਂ ਫਰਿਆਦਾਂ, ਬੇਨਤੀਆਂ, ਜੋਦੜੀਆਂ, ਅਰਦਾਸਾਂ ਜੀਵ ਨੂੰ ਕਰਦੇ ਰਹਿਣਾ ਚਾਹੀਦਾ ਹੈ।

**ਜਿਤੁ ਤੂ ਲਾਵਹਿ ਤਿਤੁ ਹਮ ਲਾਗਹ**
**ਕਿਆ ਏਹਿ ਜੰਤ ਵਿਚਾਰੇ॥੧॥**

ਸੱਚੇ ਪਾਤਿਸ਼ਾਹੋ! ਸਾਨੂੰ ਰਸਤਾ ਦਿਖਾਇਓ। ਕਿਉਂਕਿ ਅੱਜ ਦੇ ਯੁੱਗ ਵਿੱਚ ਬਹੁਤ ਸਾਰੇ ਐਸੇ ਪਰਿਵਾਰ ਹਨ, ਲੜਕੇ ਲੜਕੀਆਂ ਹਨ ਜਿਹੜੇ ਬਹੁਤ ਲਾਇਕ ਹਨ ਪਰ ਉਹਨਾਂ ਨੂੰ ਗਾਈਡ ਕੋਈ ਨਹੀਂ ਕਰਦਾ ਕਿ ਤੁਸੀਂ ਕਿਸ ਸਬਜੈਕਟ ਦੀ ਪੜ੍ਹਾਈ ਕਰਨੀ ਹੈ। ਸੋਈ ਸੱਚੇ ਪਾਤਿਸ਼ਾਹੋ! ਸਾਡੇ ਕੋਲੋਂ ਐਸੇ ਕੰਮ ਕਰਵਾਓ ਜਿਹੜੇ ਤੁਹਾਨੂੰ ਚੰਗੇ ਲੱਗਣ, ਜਿਹੜੇ ਸਮਾਜ ਨੂੰ ਚੰਗੇ ਲੱਗਣ ਕਿਉਂਕਿ ਸਾਨੂੰ ਜੀਵਾਂ ਨੂੰ ਕੋਈ ਸੋਝੀ ਨਹੀਂ ਹੈ। ਜਿਸ ਤਰ੍ਹਾਂ ਅੱਜ ਕੱਲ ਤਾਂ ਰਸੋਈ ਗੈਸ ਆ ਗਈ ਹੈ ਪਰ ਉਸ ਕੋਲੋਂ ਬਚਾ ਲਈ ਵੀ ਬੱਚਿਆਂ ਦਾ ਧਿਆਨ ਰੱਖਣਾ ਚਾਹੀਦਾ ਹੈ। ਪਹਿਲੇ ਸਮੇਂ ਵਿੱਚ ਜਦੋਂ ਚੁੱਲ੍ਹੇ ਵਿੱਚ ਅੱਗ ਬਾਲਦੇ ਸੀ। ਛੋਟੇ ਬੱਚੇ ਨੇ ਭਖਦੇ ਹੋਏ ਕੋਲੇ ਨੂੰ ਸੋਹਣਾ ਦੇਖ ਕੇ ਹੱਥ ਵਿੱਚ ਫੜਨ ਦੀ ਕੋਸ਼ਿਸ਼ ਕਰਨੀ। ਬੱਚੇ ਨੂੰ ਪਤਾ ਨਹੀਂ ਹੁੰਦਾ ਕਿ ਇਹ ਸੋਹਣਾ ਕੋਲਾ ਹੱਥ ਸਾੜ ਦੇਵੇਗਾ। ਇਸ ਕਰਕੇ ਉਹ ਕੋਲੇ ਨੂੰ ਖਿਡੌਣਾ ਸਮਝ ਕੇ ਹੱਥ ਵਿੱਚ ਫੜਨ ਦੀ ਕੋਸ਼ਿਸ਼ ਕਰਦਾ ਹੈ। ਪਰ ਮਾਂ ਉਸ ਬੱਚੇ ਦਾ ਚੌਵੀ ਘੰਟੇ ਧਿਆਨ ਰੱਖਦੀ ਹੈ ਕਿ ਕਿਤੇ ਮੇਰਾ ਬੱਚਾ ਅੱਗ ਨੂੰ ਹੱਥ ਨਾ ਲਾ ਦੇਵੇ। ਇਸ ਤਰ੍ਹਾਂ ਦੁਨਿਆਵੀ ਤੌਰ ਤੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੀਆਂ ਜਹਿਰਾਂ ਅੱਗ ਹਨ। ਅਗਰ ਹਜ਼ੂਰ ਸਾਨੂੰ ਇਸ ਤੋਂ ਬਚਾ ਕੇ ਰੱਖਣਗੇ ਤਦ ਅਸੀਂ ਬਚ ਸਕਾਂਗੇ। ਵਰਨਾ ਅਸੀਂ ਜੀਵ ਜੰਤ ਅਣਜਾਣ ਹਾਂ, ਭੋਲੇ ਹਾਂ ਸਾਨੂੰ ਪਤਾ ਨਹੀਂ ਹੈ ਕਿਹੜੀ ਚੀਜ਼ ਸਾਡੇ ਲਈ ਚੰਗੀ ਹੈ ਅਤੇ ਕਿਹੜੀ ਉਲਟ ਹੈ।

**ਮੇਰੇ ਰਾਮ ਜੀ ਤੂੰ ਪ੍ਰਭ ਅੰਤਰਜਾਮੀ॥**

ਸੱਚੇ ਪਾਤਿਸ਼ਾਹੋ! ਸਾਡੇ ਹਿਰਦੇ ਵਿੱਚ ਕਿਸ ਤਰ੍ਹਾਂ ਦੇ ਵਿਚਾਰ ਹਨ ਤੁਸੀਂ ਅੰਤਰਜਾਮੀ ਹੋ। ਤੁਸੀਂ ਸਭ ਜਾਣਦੇ ਹੋ। ਇਸ ਕਰਕੇ

*ਬੁਰੇ ਭਲੇ ਹਮ ਥਾਰੇ॥ (ਅੰਗ 631)*

ਹਜ਼ੂਰ! ਅਗਰ ਸਾਡੇ ਖਿਆਲ ਗਲਤ ਹਨ ਤਾਂ ਠੀਕ ਕਰ ਦਿਉ। ਸਾਡੀ ਸੋਚ ਗਲਤ ਹੈ ਤਦ ਠੀਕ ਕਰ ਦਿਉ। ਅਗਰ ਸਾਡੇ ਅਮਲ ਗਲਤ ਹਨ ਉਹ ਵੀ ਠੀਕ ਕਰ ਦਿਓ। ਤੁਸੀਂ ਅੰਤਰਜਾਮੀ ਹੋ ਸਭ ਕੁਝ ਜਾਣਦੇ ਹੋ ਇਸ ਕਰਕੇ ਸਾਨੂੰ ਸਿੱਧੇ ਰਸਤੇ ਪਾਓ।

**ਕਰਿ ਕਿਰਪਾ ਗੁਰਦੇਵ ਦਇਆਲਾ**
**ਗੁਣ ਗਾਵਾ ਨਿਤ ਸੁਆਮੀ॥੧॥ ਰਹਾਉ॥**

ਸੱਚੇ ਪਾਤਿਸ਼ਾਹੋ! ਤੁਸੀਂ ਦਿਆਲੂ ਹੋ। ਮੇਰੇ ਉੱਪਰ ਕਿਰਪਾ ਕਰੋ ਕਿ ਮੈਂ ਤੁਹਾਡੇ ਗੁਣ ਗਾਵਾਂ। ਉਸ ਅਕਾਲ ਪੁਰਖ ਵਾਹਿਗੁਰੂ ਦੀ ਉਸਤਿਤ, ਸੋਭਾ ਕਰਾਂ। ਕਿਉਂਕਿ ਹਜ਼ੂਰ ਦੀ ਕਿਰਪਾ ਤੋਂ ਬਿਨਾਂ ਕੋਈ ਗੁਣ ਵੀ ਨਹੀਂ ਗਾ ਸਕਦਾ, ਪਾਠ ਵੀ ਨਹੀਂ ਕਰ ਸਕਦਾ। ਅਗਰ ਅਸੀਂ ਆਪ ਪਾਠ ਕਰ ਸਕਦੇ ਹੁੰਦੇ ਤਦ ਹਜ਼ੂਰ ਸੁਖਮਨੀ ਸਾਹਿਬ ਵਿੱਚ ਇਹ ਦਰਜ ਹੀ ਨਾ ਕਰਦੇ ਕਿ

*ਆਪਿ ਜਪਾਏ ਜਪੈ ਸੋ ਨਾਉ॥ (ਅੰਗ 270)*

ਤਥਾ

*ਸੇ ਸਿਮਰਹਿ ਜਿਨ ਆਪਿ ਸਿਮਰਾਏ॥*
*ਨਾਨਕ ਤਾ ਕੈ ਲਾਗਉ ਪਾਏ॥੩॥ (ਅੰਗ 262-63)*

ਤਥਾ

*ਦੂਹਾਂ ਸਿਰਿਆ ਕਾ ਆਪਿ ਸੁਆਮੀ॥*
*ਖੇਲੈ ਬਿਗਸੈ ਅੰਤਰਜਾਮੀ॥ (ਅੰਗ 277)*

ਉਹ ਜਾਪ ਕਰਨ ਵਾਲੇ ਵੀ ਆਪ ਹਨ ਅਤੇ ਜਪਾਉਣ ਵਾਲੇ ਵੀ ਆਪ ਹਨ।

*ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ॥*
*(ਅੰਗ 731)*

ਉਹ ਤੱਕੜੀ ਵੀ ਆਪ ਹਨ, ਛਾਬੇ ਵੀ ਆਪ ਹਨ, ਵੱਟੇ ਵੀ ਆਪ ਹਨ, ਤੋਲਣ ਵਾਲੇ ਵੀ ਆਪ ਹਨ। ਲੈਣ ਵਾਲੇ ਵੀ ਆਪ ਹਨ ਅਤੇ ਦੇਣ ਵਾਲੇ ਵੀ ਆਪ ਹੀ ਹਨ। ਹਜ਼ੂਰ ਸਾਡੀ ਜੀਵਾਂ ਦੀ ਕੋਈ ਕਰਤੂਤ ਨਹੀਂ ਹੈ ਤੁਸੀਂ ਸਾਡੇ ਉੱਪਰ ਬਖ਼ਸ਼ਿਸ਼ ਕਰੋ।

**ਆਠ ਪਹਰ ਪ੍ਰਭੁ ਅਪਨਾ ਧਿਆਈਐ**
**ਗੁਰ ਪ੍ਰਸਾਦਿ ਭਉ ਤਰੀਐ॥**

ਹੁਣ ਆਪਾਂ ਅੱਠ ਦਿਨਾਂ ਬਾਅਦ ਸਤਿਸੰਗ ਸੁਣਦੇ ਹਾਂ। ਪਰ ਐਸਾ ਨਾ ਹੋਵੇ ਕਿ ਆਪਾਂ ਸਤਿਸੰਗ ਸੁਣਨ ਤੋਂ ਬਾਅਦ ਮਾਲਿਕ ਨੂੰ ਭੁੱਲ ਜਾਈਏ। ਹਜ਼ੂਰ ਸਾਡੇ ਉੱਪਰ ਕਿਰਪਾ ਕਰੋ

ਅਸੀਂ ਸਤਿਸੰਗ ਸੁਣਨ ਆਉਂਦੇ ਸਮੇਂ ਵੀ ਜਾਪ ਕਰਦੇ ਰਹੀਏ। ਸੁਣ ਕੇ ਵਾਪਸ ਜਾਂਦੇ ਸਮੇਂ ਵੀ ਸਿਮਰਨ ਕਰਦੇ ਰਹੀਏ ਅਤੇ ਘਰ ਪਹੁੰਚ ਕੇ ਵੀ ਪਾਠ ਕਰਦੇ ਰਹੀਏ। ਅਸੀਂ ਗੁਰ ਪ੍ਰਸਾਦੀ ਹੋ ਜਾਈਏ ਭਾਵ ਹਜ਼ੂਰ ਜੋ ਵੀ ਬਚਨ ਕਹਿੰਦੇ ਹਨ ਉਹਨਾਂ ਉੱਪਰ ਦ੍ਰਿੜ ਵਿਸ਼ਵਾਸ ਨਾਲ ਅਮਲ ਕਰੀਏ ਤਾਂ ਕਿ ਇਸ ਭਵ ਸਾਗਰ ਤੋਂ ਸਾਡਾ ਪਾਰ ਉਤਾਰਾ ਹੋ ਸਕੇ। ਸਾਡੇ ਹਜ਼ੂਰ ਦੇ ਬਚਨ ਹਨ ਕਿ

*ਗੁਰ ਕੇ ਬਚਨ ਲਗੇਂ ਅਤਿ ਪਿਆਰੇ*

*ਜਤ ਮਾਤਾ ਸੰਗ ਤੋਤਲੀ ਬਾਤ।*

*ਖੜਕਤ ਰਹਤ ਭਾਲ ਜਿਉ ਹੀਅਰੈ*

*ਜਿਉਂ ਦਰਦੀ ਕੇ ਸੰਗ ਦਰਦ ਸਮਾਤ।*

ਜਿਸ ਤਰ੍ਹਾਂ ਸਾਨੂੰ ਬੱਚਿਆਂ ਦੀਆਂ ਛੋਟੇ ਹੁੰਦਿਆਂ ਦੀਆਂ ਗੱਲਾਂ ਚੇਤੇ ਰਹਿੰਦੀਆਂ ਹਨ ਇਸ ਤਰ੍ਹਾਂ ਸਾਨੂੰ ਗੁਰਬਾਣੀ ਦੇ ਬਚਨ, ਸਤਿਗੁਰ ਦੇ ਬਚਨ ਚੇਤੇ ਰਹਿਣੇ ਚਾਹੀਦੇ ਹਨ। ਸੋਈ ਜੋ ਜੀਵ ਇਸ ਤਰ੍ਹਾਂ ਬਚਨ ਚੇਤੇ ਰੱਖਦੇ ਹਨ ਉਹ ਭਵ ਸਾਗਰ ਨੂੰ ਤਰ ਜਾਂਦੇ ਹਨ।

**ਆਪੁ ਤਿਆਗਿ ਹੋਈਐ ਸਭ ਰੇਣਾ**

**ਜੀਵਤਿਆ ਇਉ ਮਰੀਐ ॥੨॥**

ਆਪਾ ਮਾਰ ਕੇ ਗੁਰਬਾਣੀ ਦੀ ਸ਼ਰਨ ਵਿੱਚ ਆ ਜਾਣ ਨੂੰ ਜਿਉਂਦਿਆਂ ਮਰ ਜਾਣਾ ਕਿਹਾ ਗਿਆ ਹੈ। ਐਸਾ ਨਹੀਂ ਕਿ ਗੋਲੀ ਮਾਰ ਕੇ ਕਿਸੇ ਨੂੰ ਮਾਰ ਦਿਓ ਜਾਂ ਆਪ ਮਰ ਜਾਓ। ਆਪਾ ਮਾਰਨ ਨੂੰ ਜਿਉਂਦਿਆਂ ਮਰ ਜਾਣਾ ਕਿਹਾ ਗਿਆ ਹੈ। ਜਦੋਂ ਅਸੀਂ ਆਪਾ ਮਾਰ ਕੇ ਗੁਰਬਾਣੀ ਵੱਲ ਤੁਰਾਂਗੇ ਫੇਰ ਹਜ਼ੂਰ ਸਾਰੇ ਖੁਸ਼ੀਆਂ ਖੇੜੇ ਬਖਸ਼ਦੇ ਹਨ।

**ਸਫਲ ਜਨਮੁ ਤਿਸ ਕਾ ਜਗ ਭੀਤਰਿ**

**ਸਾਧਸੰਗਿ ਨਾਉ ਜਾਪੇ ॥**

ਇੱਕ ਘਰ ਬੈਠ ਕੇ ਪਾਠ ਕਰਨਾ ਹੈ ਇੱਕ ਸਾਧੂ ਦੀ ਸੰਗਤ ਵਿੱਚ ਜਾ ਕੇ ਪਾਠ ਕਰਨਾ ਹੈ। ਇਸੇ ਭਾਵ ਨੂੰ ਮੁੱਖ ਰੱਖ ਕੇ ਅਸੀਂ ਸਤਿਸੰਗ ਤੋਂ ਬਾਅਦ ਮੂਲ ਮੰਤਰ ਦਾ ਜਾਪ ਕਰਵਾਉਂਦੇ ਹਾਂ। ਉਹ ਇਸ ਲਈ ਕਰਾਉਂਦੇ ਹਾਂ ਕਿ ਸਾਡੇ ਵਿੱਚ ਕੋਈ ਨਾ ਕੋਈ ਤਾਂ ਗੁਰਬਾਣੀ ਦਾ ਪਿਆਰਾ ਹੋਵੇਗਾ ਹੀ। ਜਦੋਂ ਅਸੀਂ ਉਸ ਦੇ ਨਾਲ ਰਲ ਕੇ ਪਾਠ ਕਰਦੇ ਹਾਂ ਫੇਰ ਸਾਡੇ ਉਪਰ ਬਖਸ਼ਿਸ਼ ਹੁੰਦੀ ਹੈ। ਅਗਰ ਅਸੀਂ ਸਾਧੂ ਨਾਲ ਮਿਲ ਕੇ ਬਾਣੀ ਦਾ ਜਾਪ ਕਰਦੇ ਹਾਂ ਫੇਰ ਹੋਰ ਵੀ ਸੋਨੇ ਉੱਪਰ ਸੁਹਾਗਾ ਹੋ ਜਾਂਦਾ ਹੈ ਅਰਥਾਤ ਖੁਸ਼ੀਆਂ ਖੇੜੇ ਮਿਲਦੇ ਹਨ। ਇਸੇ ਕਰਕੇ ਅਸੀਂ ਕਹਿੰਦੇ ਹਾਂ ਕਿ ਜਦੋਂ ਮੂਲ ਮੰਤਰ ਦਾ ਪਾਠ ਹੋ ਰਿਹਾ ਹੁੰਦਾ ਹੈ ਉਦੋਂ ਖੱਬੇ ਸੱਜੇ ਨਾ ਦੌੜਿਆ ਕਰੋ ਸਿਰਫ ਦੋ ਮਿੰਟ ਦਾ ਕੰਮ ਹੈ ਉਦੋਂ ਬੈਠ ਕੇ ਨਾਲ ਪਾਠ ਕਰ ਲਿਆ ਕਰੋ। ਅਸੀਂ ਦੋ ਘੰਟੇ ਯਸ਼ ਕਰਦੇ ਹਾਂ ਪਰ ਤੁਸੀਂ ਦੋ ਮਿੰਟ ਵੀ ਪਾਠ ਨਾ ਕਰਕੇ ਕਦੇ ਪਾਣੀ ਪੀਣ ਅਤੇ ਕਦੇ ਬਾਥਰੂਮ ਕਦੇ ਉਂਝ ਹੀ ਉੱਠ ਕੇ ਤੁਰੇ ਫਿਰਦੇ ਹੋ। ਅਗਰ ਦੋ ਮਿੰਟ ਜਾਪ ਕਰ ਲਵੋਗੇ ਤਦ ਓਨੀ ਦੇਰ ਵਿੱਚ ਕੁਝ ਵਿਗੜ ਨਹੀਂ ਜਾਵੇਗਾ।

ਸ਼ਹੀਦ ਦਰਸ਼ਨ ਸਿੰਘ ਫੇਰੂਮਾਨ 74 ਦਿਨ ਬਿਨਾਂ ਪਾਣੀ ਤੋਂ ਕੱਢ ਗਿਆ ਸੀ। ਹੁਣ ਇੱਕ ਬਾਬਾ ਦੇਵੀ ਬਣਿਆ ਹੈ। ਉਹ 65 ਸਾਲਾਂ ਤੋਂ ਕੁਝ ਵੀ ਖਾ ਪੀ ਨਹੀਂ ਰਿਹਾ। ਅਗਰ ਆਪਾਂ ਦੋ ਤਿੰਨ ਮਿੰਟ ਬਾਅਦ ਵਿੱਚ ਪਾਣੀ ਪੀ ਲਵਾਂਗੇ ਤਦ ਕੁਝ ਨਹੀਂ ਵਿਗੜਨਾ। ਪਰ ਅਗਰ ਅਸੀਂ ਇੱਥੇ ਆ ਕੇ ਮਾਲਿਕ ਦਾ ਯਸ਼ ਕਰਾਂਗੇ, ਸ਼ਬਦ ਪੜ੍ਹਾਂਗੇ ਤਦ ਹੀ ਸਾਡਾ ਆਧਾਰ ਹੋ ਸਕਦਾ ਹੈ।

**ਸਗਲ ਮਨੋਰਥ ਤਿਸ ਕੇ ਪੂਰਨ**

**ਜਿਸੁ ਦਇਆ ਕਰੇ ਪ੍ਰਭ ਆਪੇ ॥੩॥**

ਫੇਰ ਜੀਵ ਦੇ ਸਾਰੇ ਮਨੋਰਥ ਅਤੇ ਕੰਮ ਹਜ਼ੂਰ ਪੂਰੇ ਕਰ ਦਿੰਦੇ ਹਨ। ਹਜ਼ੂਰ ਆਪਣੇ ਬਿਰਦ ਦੀ ਲਾਜ ਰੱਖਦੇ ਹੋਏ ਉਸ ਉੱਪਰ ਦਇਆ ਕਰਕੇ ਉਸ ਦੇ ਸਾਰੇ ਕਾਰਜ ਸੁਆਰਦੇ ਹਨ।

**ਦੀਨ ਦਇਆਲ ਕ੍ਰਿਪਾਲ ਪ੍ਰਭ ਸੁਆਮੀ**

**ਤੇਰੀ ਸਰਣਿ ਦਇਆਲਾ ॥**

ਸੱਚੇ ਪਾਤਿਸ਼ਾਹੋ! ਤੁਸੀਂ ਦੀਨਾਂ ਦੇ ਦਿਆਲੂ ਹੋ। ਅਸੀਂ ਤੁਹਾਡੀ ਸ਼ਰਨ ਵਿੱਚ ਆਏ ਹਾਂ। ਤੁਸੀਂ ਸਾਡੀ ਲਾਜ ਰੱਖੋ। ਹਜ਼ੂਰ ਸਾਡੀ ਇਹੋ ਬੇਨਤੀ ਅਤੇ ਜੋਦੜੀ ਹੈ।

**ਕਰਿ ਕਿਰਪਾ ਅਪਨਾ ਨਾਮੁ ਦੀਜੈ**

**ਨਾਨਕ ਸਾਧ ਰਵਾਲਾ ॥੪॥**

ਸੱਚੇ ਪਾਤਿਸ਼ਾਹੋ! ਕਿਰਪਾ ਕਰਕੇ ਆਪਣੇ ਨਾਮ ਦਾ ਜਾਪ ਕਰਾਉ। ਹਜ਼ੂਰ ਮੈਂ ਸਾਧੂਆਂ ਦੀ ਸੰਗਤ ਵਿੱਚ ਰਹਾਂ। ਉਹਨਾਂ ਦੇ ਨਾਲ ਰਲ ਕੇ ਗੁਰੂ ਦੀ ਸੋਭਾ, ਯਸ਼ ਅਤੇ ਜਾਪ ਕਰਾਂ। ਮੇਰੇ ਉੱਪਰ ਇਹ ਦਇਆ ਕਰੋ। ਜਿਸ ਤਰ੍ਹਾਂ ਸ਼ੇਖ ਫਰੀਦ ਸਾਹਿਬ ਜੀ ਨੇ ਮੰਗਿਆ ਸੀ ਕਿ

*ਤੇਰੀ ਪਨਹ ਖੁਦਾਇ ਤੂ ਬਖ਼ਸੰਦਗੀ ॥*

*ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥੪॥ (ਅੰਗ 488)*

ਫੇਰ ਆਈ ਸੰਗਤ ਨੂੰ ਅਤੇ ਦੇਸ਼ ਵਿਦੇਸ਼ ਵਿੱਚੋਂ ਜੋ ਸੰਗਤ ਨਹੀਂ ਵੀ ਆ ਸਕੀ ਸਭ ਨੂੰ ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ 447ਵੇਂ ਅਵਤਾਰ ਪੁਰਬ ਦੀ ਲੱਖ-ਲੱਖ ਵਧਾਈ ਹੋਵੇ। ਹਜ਼ੂਰ ਕਿਰਪਾ ਕਰਕੇ ਸਭ ਨੂੰ ਖੁਸ਼ੀਆਂ, ਖੇੜੇ ਅਤੇ ਇਤਿਫਾਕ ਬਖਸ਼ਣ।

# ਸਤਿਸੰਗ

**ਰਾਮਕਲੀ ਮਹਲਾ ੪ ਘਰੁ ੧ (ਅੰਗ 880)**
**ੴ ਸਤਿਗੁਰ ਪ੍ਰਸਾਦਿ॥**
**ਜੇ ਵਡਭਾਗ ਹੋਵਹਿ ਵਡਭਾਗੀ**
**ਤਾ ਹਰਿ ਹਰਿ ਨਾਮੁ ਧਿਆਵੈ॥**

ਐੱਸ. ਜੀ. ਐੱਲ. ਜਨ ਸੇਵਾ ਕੇਂਦਰ, ਗੜ੍ਹਾ ਜਲੰਧਰ ਨਾਲ ਸੰਬੰਧਿਤ ਅਮਰੀਕਾ, ਜਰਮਨੀ, ਟਰਾਂਟੋ (ਕਨੇਡਾ) ਦੀ ਸੰਗਤ ਤਥਾ ਭਾਈ ਗੁਰਮੀਤ ਸਿੰਘ ਵਾਸੀ ਯੂ.ਕੇ. ਨੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਨਾਲ ਮਿਲ ਕੇ ਪੂਰਨ ਸੰਤ ਸਤਿਗੁਰੂ ਬਾਬਾ ਬੱਗਾ ਸਿੰਘ ਜੀ ਮਹਾਰਾਜ ਤਰਨਤਾਰਨ ਵਾਲਿਆਂ ਦੇ 146ਵੇਂ ਪਾਵਨ ਅਵਤਾਰ ਦਿਵਸ ਦੀਆਂ ਖੁਸ਼ੀਆਂ ਲੈਂਦਿਆਂ ਹੋਇਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਅਖੰਡ ਪਾਠ ਰਖਵਾਇਆ ਸੀ ਜਿਸ ਦਾ ਹਜ਼ੂਰ ਦੀ ਕਿਰਪਾ ਸਦਕਾ ਅੱਜ ਸਵੇਰੇ ਨਿਰਵਿਘਨ ਸਹਿਤ ਭੋਗ ਪੁਆਇਆ ਗਿਆ ਹੈ। ਭੋਗ ਉਪਰੰਤ ਹਜ਼ੂਰ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਸੋਢੀ ਸੁਲਤਾਨ ਦੇ ਉਚਾਰਨ ਕੀਤੇ ਮਹਾਂਵਾਕ ਵਿੱਚੋਂ ਹੁਕਮਨਾਮਾ ਆਇਆ ਹੈ। ਹਜ਼ੂਰ ਇਸ ਹੁਕਮਨਾਮੇ ਵਿੱਚ ਜੋ ਭੇਦ ਬਖਸ਼ ਰਹੇ ਹਨ ਉਹ ਵੀ ਆਪਾਂ ਸਾਰੇ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ। ਸੋਈ ਆਈ ਸੰਗਤ ਨੂੰ ਹਜ਼ੂਰ ਬਾਬਾ ਬੱਗਾ ਸਿੰਘ ਜੀ ਮਹਾਰਾਜ ਦੇ 146ਵੇਂ ਅਵਤਾਰ ਦਿਵਸ ਦੀ ਲੱਖ-ਲੱਖ ਵਧਾਈ ਹੋਵੇ। ਜਿਸ ਦਿਨ ਪੂਰਨ ਸੰਤ ਸਤਿਗੁਰੂ ਦੁਨੀਆਂ ਵਿੱਚ ਅਵਤਾਰ ਲੈਂਦੇ ਹਨ ਉਸ ਦਿਨ ਧਰਤੀ ਉੱਪਰ ਅਪਾਰ ਬਖਸ਼ਿਸ਼ ਹੁੰਦੀ ਹੈ, ਦਇਆ, ਰਹਿਮਤ ਹੁੰਦੀ ਹੈ। ਸਾਨੂੰ ਹਮੇਸ਼ਾਂ ਪੂਰਨ ਤਾਕਤਾਂ ਦੇ ਅਵਤਾਰ ਦਿਵਸ ਮਨਾਉਣੇ ਚਾਹੀਦੇ ਹਨ, ਬਰਸੀਆਂ ਨਹੀਂ ਮਨਾਉਣੀਆਂ ਚਾਹੀਦੀਆਂ। ਜਿਸ ਦਿਨ ਬਰਸੀ ਹੁੰਦੀ ਹੈ ਉਸ ਦਿਨ ਨੂੰ ਮਾੜਾ ਵੀ ਨਹੀਂ ਕਿਹਾ ਜਾ ਸਕਦਾ। ਪਰ ਉਹ ਸਮਾਂ ਸੰਗਤ ਵਾਸਤੇ ਵਧੀਆ ਵੀ ਨਹੀਂ ਹੁੰਦਾ ਕਿਉਂਕਿ ਉਸ ਦਿਨ ਪੂਰਨ ਸੰਤ ਦੇਹ ਦਾ ਓਹਲਾ ਕਰਦੇ ਹਨ। ਬੇਸ਼ੱਕ ਉਹ ਸਾਡੇ ਨਾਲ ਹੁੰਦੇ ਹਨ ਪਰ ਜ਼ਾਹਰਾ ਤੌਰ ਤੇ ਸਾਡੇ ਉੱਪਰ ਉਹ ਬਖਸ਼ਿਸ਼ ਨਹੀਂ ਰਹਿੰਦੀ। ਹੁਣ ਆਏ ਹੁਕਮਨਾਮੇ ਦਾ ਭੇਦ ਸਰਵਣ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਸੋਢੀ ਸੁਲਤਾਨ ਜਿਹਨਾਂ ਦਾ ਅਵਤਾਰ ਚੂਨਾ ਮੰਡੀ ਲਾਹੌਰ ਵਿਖੇ ਹੋਇਆ ਸੀ। ਬਚਪਨ ਵਿੱਚ ਹੀ ਮਾਤਾ ਪਿਤਾ ਦਾ ਸਾਇਆ ਸਿਰ ਤੋਂ ਉੱਠ ਜਾਣ ਕਰਕੇ ਆਪ ਨਾਨਕੇ ਘਰ ਬਾਸਰਕੇ ਆ ਗਏ। ਨਾਨਕਿਆਂ ਨੇ ਕੋਈ ਕੰਮ-ਕਾਰ ਕਰਨ ਲਈ ਕਿਹਾ। ਆਪ ਘੁੰਗਣੀਆਂ ਵੇਚਣ ਲਈ ਸ੍ਰੀ ਗੋਇੰਦਵਾਲ ਸਾਹਿਬ ਆਏ। ਉੱਥੇ ਉਸ ਸਮੇਂ ਬਉਲੀ ਸਾਹਿਬ ਦੀ ਸੇਵਾ ਚੱਲ ਰਹੀ ਸੀ। ਉੱਥੇ ਸੰਗਤ ਅਤੇ ਪੰਗਤ ਦੀ ਰਸਮ ਹੋਣ ਕਰਕੇ ਘੁੰਗਣੀਆਂ ਨਾ ਵਿਕੀਆਂ ਤਦ ਹਜ਼ੂਰ ਉੱਥੇ ਹੀ ਸੇਵਾ ਵਿੱਚ ਜੁੱਟ ਗਏ। ਆਪ ਨੇ ਉੱਥੇ ਹੀ ਸੇਵਾ ਪਦ, ਉੱਥੇ ਹੀ ਜਵਾਈ ਪਦ ਅਤੇ ਉੱਥੇ ਹੀ ਗੁਰਿਆਈ ਪਦ ਪ੍ਰਾਪਤ ਕੀਤਾ। ਹਜ਼ੂਰ ਤੀਸਰੇ ਪਾਤਿਸ਼ਾਹ ਜੀ ਨੂੰ ਇੱਕ ਦਿਨ ਸੰਗਤ ਨੇ ਪੁੱਛਿਆ ਕਿ ਦੱਸੋ ਤੁਸੀਂ ਅਗਾਂਹ ਕਿਸ ਦੀ ਡਿਊਟੀ ਲਾਉਣੀ ਹੈ। ਕਿਉਂਕਿ ਹਜ਼ੂਰ ਤੀਸਰੇ ਪਾਤਿਸ਼ਾਹ ਜੀ ਦੀ ਉਮਰ 95 ਸਾਲ ਹੋ ਚੁੱਕੀ ਸੀ। ਹਜ਼ੂਰ ਨੇ ਪੁੱਛਿਆ ਤੁਸੀਂ ਦੱਸੋ ਕਿਸ ਦੀ ਡਿਊਟੀ ਲਾਈਏ। ਤਦ ਬਾਈ ਜੀਵ ਉੱਠ ਕੇ ਖੜੇ ਹੋ ਗਏ। ਹਜ਼ੂਰ ਨੇ ਬਾਈ ਮੰਜੀਆਂ ਡਾਹ ਦਿੱਤੀਆਂ। ਅਗਲੇ ਵਾਰੀ ਬਹੱਤਰ ਜੀਵ ਹੋਰ ਉੱਠ ਕੇ ਖੜ੍ਹੇ ਹੋਏ ਕਿ ਹਜ਼ੂਰ ਸਾਨੂੰ ਦਾਤ ਵੰਡਣ ਸਮੇਂ ਕਿਉਂ ਨਹੀਂ ਦੱਸਿਆ ਗਿਆ? ਤਦ ਹਜ਼ੂਰ ਨੇ ਬਹੱਤਰ ਪੀਹੜੇ ਡਾਹ ਦਿੱਤੇ। ਇਸ ਤਰ੍ਹਾਂ ਹਜ਼ੂਰ ਤੀਸਰੇ ਪਾਤਿਸ਼ਾਹ ਦੇ ਦੇਹ ਵਿੱਚ ਹੁੰਦਿਆਂ ਹੀ ਚੁਰਾਨਵੇਂ ਜੀਵ ਗੁਰੂ ਬਣ ਕੇ ਬੈਠ ਗਏ ਸਨ। ਪਰ ਜਿਸ ਦਿਨ ਸੱਚੀ ਦਾਤ ਵੰਡਣੀ ਸੀ ਹਜ਼ੂਰ ਨੇ ਥੜ੍ਹੇ ਬਣਾਉਣ ਦੀ ਸੇਵਾ ਲਾ ਦਿੱਤੀ। ਹਜ਼ੂਰ ਕਦੇ ਕਹਿਣ ਇਹ ਥੜ੍ਹਾ ਧੁੱਪੇ ਹੈ, ਕਦੇ ਕਹਿਣ ਛਾਵੇਂ ਹੈ, ਕਦੇ ਢੁਹਾ ਦੇਣ, ਕਦੇ ਬਣਵਾ ਦੇਣ, ਸਾਰੇ ਹੀ ਸੇਵਾ ਛੱਡ ਕੇ ਚਲੇ ਗਏ ਇੱਕਲੇ ਹਜ਼ੂਰ ਚੌਥੇ ਪਾਤਿਸ਼ਾਹ ਜੀ ਥੜ੍ਹੇ ਬਣਾ ਰਹੇ ਸਨ। ਹਜ਼ੂਰ ਤੀਸਰੇ ਪਾਤਿਸ਼ਾਹ ਜੀ ਨੇ ਆ ਕੇ ਕਿਹਾ ਪੁੱਤਰ! ਤੂੰ ਵੀ ਚਲੇ ਜਾਣਾ ਸੀ। ਆਪ ਨੇ ਉੱਤਰ ਦਿੱਤਾ ਹਜ਼ੂਰ! ਜਿਸ ਦਾ ਕੋਈ ਥਾਂ ਸੀ ਚਲਾ ਗਿਆ, ਆਸਰਾ ਸੀ ਚਲਾ ਗਿਆ, ਧਿਰ ਸੀ ਚਲਾ ਗਿਆ। ਹਜ਼ੂਰ ਮੈਨੂੰ ਸਿਰਫ ਤੁਸੀਂ ਚਾਹੀਦੇ ਹੋ। ਮੈਂ ਥੜ੍ਹਿਆਂ ਤੋਂ ਕੀ ਲੈਣਾ ਹੈ। ਤਦ ਹਜ਼ੂਰ ਨੇ ਉਸੇ ਥੜ੍ਹੇ ਉੱਪਰ ਬਿਠਾ ਕੇ ਰਹਿਮਤਾਂ ਬਖਸ਼ ਦਿੱਤੀਆਂ। ਤਦ ਹਜ਼ੂਰ ਚੌਥੇ ਪਾਤਿਸ਼ਾਹ ਜੀ ਰੋ ਪਏ ਅਤੇ ਫੁਰਮਾਨ ਕੀਤਾ ਸਤਿਗੁਰੂ

*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ*
*ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥ (ਅੰਗ 167)*

ਕਿ ਸਾਡੇ ਮਾਂ ਪਿਉ ਦਾ ਸਾਇਆ ਉੱਠ ਗਿਆ, ਸਾਨੂੰ ਨਾਨਕਿਆਂ ਨੇ ਨਹੀਂ ਸਾਂਭਿਆ। ਸਾਡੀ ਜਿੰਦਗੀ ਕੀੜੇ ਸਮਾਨ ਸੀ। ਤੁਸੀਂ ਹੀ ਰਹਿਮਤਾਂ ਅਤੇ ਬਖਸ਼ਿਸ਼ਾਂ ਕਰ ਦਿੱਤੀਆਂ ਹਨ। ਹੁਣ ਆਪਾਂ ਬੜੇ ਪਿਆਰ ਨਾਲ ਸ਼ਬਦ ਗਾਉਂਦੇ ਹਾਂ ਕਿ

*ਰਾਮਦਾਸ ਸਰੋਵਰਿ ਨਾਤੇ॥*
*ਸਭਿ ਉਤਰੇ ਪਾਪ ਕਮਾਤੇ॥*
*ਨਿਰਮਲ ਹੋਇ ਕਰਿ ਇਸਨਾਨਾ॥*
*ਗੁਰਿ ਪੂਰੈ ਕੀਨੇ ਦਾਨਾ॥੧॥ (ਅੰਗ 625)*

ਹਜ਼ੂਰ ਚੌਥੇ ਪਾਤਿਸ਼ਾਹ ਇਸ ਹੁਕਮਨਾਮੇ ਵਿੱਚ ਫੁਰਮਾਨ ਕਰ ਰਹੇ ਹਨ ਕਿ ਕੋਈ ਵੀ ਜੀਵ ਆਪ ਨਾਮ ਨਹੀਂ ਧਿਆ

ਸਕਦਾ, ਸਿਮਰਨ ਨਹੀਂ ਕਰ ਸਕਦਾ। ਆਪਾਂ ਕਈ ਵਾਰ ਕਹਿੰਦੇ ਹਾਂ ਕਿ ਫਲਾਨਾ ਰਿਸ਼ਤੇਦਾਰ ਨਹੀਂ ਆਉਂਦਾ, ਫਲਾਨਾ ਦੋਸਤ ਮਿੱਤਰ ਇੱਥੇ ਆਉਂਦਾ ਸੀ ਹੁਣ ਹਟ ਗਿਆ ਹੈ। ਜਾਂ ਉਹ ਜੀਵ ਪਹਿਲਾਂ ਬਹੁਤ ਆਉਂਦਾ ਸੀ ਹੁਣ ਘੱਟ ਆਉਂਦਾ ਹੈ। ਕਈ ਜੀਵ ਪਹਿਲਾਂ ਘੱਟ ਆਉਂਦੇ ਸਨ ਹੁਣ ਬਹੁਤਾ ਆਉਂਦੇ ਹਨ। ਪਰ ਜੀਵ ਦੇ ਆਪਣੇ ਵੱਸ ਕੁਝ ਵੀ ਨਹੀਂ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜੇਕਰ ਜੀਵ ਦੇ ਉੱਚੇ, ਸੁੱਚੇ ਅਤੇ ਵੱਡੇ ਭਾਗ ਹੋਣਗੇ ਤਦ ਹੀ ਜੀਵ ਨਾਮ ਧਿਆ ਸਕੇਗਾ।

ਕਿਉਂਕਿ

*ਵਿਣੁ ਭਾਗਾ ਨਾਮੁ ਨ ਪਾਇਆ ਜਾਇ॥*
*ਬਹੁ ਬਿਧਿ ਥਾਕਾ ਕਰਮ ਕਮਾਇ॥੩॥ (ਅੰਗ 1262)*

ਚਾਹੇ ਜਿੰਨੇ ਮਰਜੀ ਯਤਨ ਕਰ ਲਵੇ ਜਦੋਂ ਤੱਕ ਜੀਵ ਦੇ ਭਾਗ ਉਦੇ ਨਹੀਂ ਹੁੰਦੇ ਓਨੀ ਦੇਰ ਬਖਸ਼ਿਸ਼ ਨਹੀਂ ਹੁੰਦੀ।

**ਨਾਮੁ ਜਪਤ ਨਾਮੇ ਸੁਖੁ ਪਾਵੈ ਹਰਿ ਨਾਮੇ ਨਾਮਿ ਸਮਾਵੈ ॥੧॥**

*ਏਕ ਏਕ ਦੁਖ ਸਭਨ ਕੋ ਸੁਖੀਆ ਹਰਿ ਕਾ ਦਾਸ।*

ਤਥਾ

*ਜੋ ਜੋ ਦੀਸੈ ਸੋ ਸੋ ਰੋਗੀ॥*
*ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥੧॥ (ਅੰਗ 1140)*

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਅਗਰ ਜੀਵ ਸੁਖ ਦੀ ਪ੍ਰਾਪਤੀ ਚਾਹੁੰਦਾ ਹੈ ਤਦ ਨਾਮ ਦਾ ਜਾਪ ਕਰੇ। ਨਾਮ ਇੱਕ ਐਸੀ ਦਾਤ ਹੈ ਜੋ ਜੀਵ ਨੂੰ ਆਪਣੇ ਵਿੱਚ ਸਮਾ ਲੈਂਦੀ ਹੈ। ਨਾਮ ਸੁੱਖਾਂ ਦਾ ਭੰਡਾਰ ਹੈ। ਜੋ ਜੀਵ ਨਾਮ ਨਾਲ ਜੁੜਦਾ ਹੈ ਉਹ ਵੀ ਸੁਖੀ ਹੋ ਜਾਂਦਾ ਹੈ। ਤਦੇ ਸੰਤਾਂ ਨੇ ਫੁਰਮਾਨ ਕੀਤਾ ਹੈ ਕਿ

*ਗੁਰ ਕਿਰਪਾ ਜਿਹ ਨਰ ਕਉ ਕੀਨੀ*
*ਤਿਹ ਇਹ ਜੁਗਤਿ ਪਛਾਨੀ॥*
*ਨਾਨਕ ਲੀਨ ਭਇਓ ਗੋਬਿੰਦ ਸਿਉ*
*ਜਿਉ ਪਾਨੀ ਸੰਗਿ ਪਾਨੀ॥੩॥ (ਅੰਗ 633-34)*

ਜਿਸ ਤਰ੍ਹਾਂ ਪਾਨੀ ਦਾ ਗਿਲਾਸ ਸਮੁੰਦਰ ਵਿੱਚ ਡਿੱਗ ਕੇ ਸਮੁੰਦਰ ਦਾ ਰੂਪ ਹੀ ਬਣ ਜਾਂਦਾ ਹੈ ਫੇਰ ਉਹ ਪਾਨੀ ਦਾ ਗਿਲਾਸ ਵੱਖ ਨਹੀਂ ਹੋ ਸਕਦਾ ਸਮੁੰਦਰ ਹੀ ਬਣ ਜਾਂਦਾ ਹੈ। ਇਸ ਤਰ੍ਹਾਂ ਜੋ ਆਤਮਾ ਉਸ ਪਰਮ ਆਤਮਾ ਅਰਥਾਤ ਪ੍ਰਮਾਤਮਾ ਨਾਲ ਲਿਵ ਲਾ ਕੇ ਜੁੜਦੀ ਹੈ ਉਸੇ ਵਿੱਚ ਸਮਾ ਜਾਂਦੀ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਿਉਂ-ਜਿਉਂ ਆਪਾਂ ਸਿਮਰਨ ਕਰਾਂਗੇ ਤਦ ਉਹ ਨਾਮ ਰੂਪੀ ਅਥਾਹ ਸਾਗਰ ਸਾਨੂੰ ਆਪਣੇ ਵਿੱਚ ਸਮਾ ਲਵੇਗਾ। ਉਂਞ ਪਾਨੀ ਦਾ ਗਿਲਾਸ ਧਰਤੀ ਉੱਪਰ ਡੁੱਲ੍ਹ ਕੇ ਜਜ਼ਬ ਹੋ ਜਾਂਦਾ ਹੈ। ਪਰ ਜੇਕਰ ਉਹ ਪਾਨੀ ਦਾ ਗਿਲਾਸ ਸਮੁੰਦਰ ਵਿੱਚ ਡਿੱਗ ਜਾਵੇ ਉਸ ਨੂੰ ਕੋਈ ਖਤਮ ਨਹੀਂ ਕਰ ਸਕਦਾ। ਇਸ ਤਰ੍ਹਾਂ ਨਾਮ ਦਾ ਜਾਪ ਕਰਨ ਨਾਲ ਜੀਵ ਦੀ ਆਤਮਾ ਨਾਮ ਵਿੱਚ ਹੀ ਸਮਾ ਜਾਂਦੀ ਹੈ। ਸਾਡੇ ਹਜ਼ੂਰ ਧਿਆਨਪੁਰ ਵਾਲੇ ਫੁਰਮਾਇਆ ਕਰਦੇ ਸਨ ਅਤੇ ਮਹਾਰਾਜ ਚਰਨ ਸਿੰਘ ਜੀ ਦਾ ਅਸੀਂ ਟੀ.ਵੀ. ਉੱਪਰ ਇੱਕ ਦਿਨ ਸਤਿਸੰਗ ਸੁਣਿਆ ਸੀ। ਉਹਨਾਂ ਨੇ ਵੀ ਇਹੋ ਬਚਨ ਕਹੇ ਸਨ ਕਿਉਂਕਿ

*ਸੌ ਸਿਆਣੇ ਇਕੋ ਮੱਤ ਮੂਰਖ ਆਪੋ ਆਪਣੀ।*

ਕਿ ਜਦੋਂ ਕਿਸੇ ਚਿੱਠੀ ਉੱਪਰ ਐਡਰੈੱਸ ਜਲੰਧਰ ਦਾ ਪੈਣਾ ਹੈ ਚਿੱਠੀ ਨੇ ਜਲੰਧਰ ਪਹੁੰਚਣਾ ਹੈ, ਅਗਰ ਦਿੱਲੀ ਦਾ ਐਡਰੈੱਸ ਪਾ ਦਿੱਤਾ ਚਿੱਠੀ ਨੇ ਦਿੱਲੀ ਪਹੁੰਚਣਾ ਹੈ, ਅਗਰ ਚਿੱਠੀ ਉੱਪਰ ਅੰਮ੍ਰਿਤਸਰ ਦਾ ਐਡਰੈੱਸ ਪਾਵਾਂਗੇ ਤਦ ਚਿੱਠੀ ਨੇ ਅੰਮ੍ਰਿਤਸਰ ਪਹੁੰਚਣਾ ਹੈ ਅਰਥਾਤ ਜਿਸ ਜਗ੍ਹਾ ਦਾ ਐਡਰੈੱਸ ਪੈਣਾ ਹੈ ਚਿੱਠੀ ਨੇ ਉਸੇ ਜਗ੍ਹਾ ਪਹੁੰਚਣਾ ਹੈ। ਜੇਕਰ ਸਾਡੇ ਅੰਦਰ ਗੁਰਬਾਣੀ ਦਾ ਭਾਵ ਹੈ ਤਦ ਜਿੱਥੋਂ ਦੀ ਗੁਰਬਾਣੀ ਵਾਸੀ ਹੈ ਸਾਡੀ ਆਤਮਾ ਉੱਥੇ ਪਹੁੰਚ ਜਾਵੇਗੀ। ਅਗਰ ਸਾਡੀ ਆਤਮਾ ਉੱਤੇ ਕਬਰ ਸਮਾਧ ਦਾ ਐਡਰੈੱਸ ਪੈ ਗਿਆ ਤਦ ਮਰਨ ਉਪ੍ਰੰਤ ਸਾਡੀ ਆਤਮਾ ਕਬਰਾਂ ਸਮਾਧਾਂ ਉੱਪਰ ਤੁਰੀ ਫਿਰੇਗੀ। ਤਦੇ ਹਜ਼ੂਰ ਨੇ ਗੁਰਬਾਣੀ ਵਿੱਚ ਦਰਜ ਕੀਤਾ ਹੈ ਕਿ

*ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ*
*ਮੜੈ ਮਸਾਣਿ ਨ ਜਾਈ॥ (ਅੰਗ 634)*

ਹਜ਼ੂਰ ਸਾਨੂੰ ਸਿੱਖਿਆ ਦੇ ਰਹੇ ਹਨ, ਭੇਦ ਬਖਸ਼ ਰਹੇ ਹਨ ਕਿ ਐ ਦੁਨੀਆਂ ਵਾਲਿਉ! ਅਗਰ ਅਸੀਂ ਉਸ ਮਾਲਿਕ ਦੀ ਪ੍ਰਾਪਤੀ ਕਰਨੀ ਚਾਹੁੰਦੇ ਹਾਂ, ਉਸ ਦੀ ਅਰਾਧਨਾ, ਪਾਠ, ਪਹਿਲਾਂ ਬੋਲ ਕੇ ਫੇਰ ਮੂੰਹ ਬੰਦ ਕਰਕੇ ਕਰਨਾ ਚਾਹੁੰਦੇ ਹਾਂ, ਫੇਰ ਬੰਦ ਜ਼ੁਬਾਨ ਨਾਲ ਅਤੇ ਬੋਲ ਕੇ ਵੀ ਸਿਮਰਨ ਕਰਨਾ, ਫੇਰ ਅਰਾਧਨਾ ਕਰਨੀ ਚਾਹੁੰਦੇ ਹਾਂ। ਸਭ ਤੋਂ ਉੱਤਮ ਗਤੀ ਧਿਆਉਣਾ ਹੈ।

*ਗੁਰ ਕੀ ਮੂਰਤਿ ਮਨ ਮਹਿ ਧਿਆਨੁ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥ (ਅੰਗ 864)*

ਆਪਣੇ ਇਸ਼ਟ ਦਾ ਸਰੂਪ ਅੱਖਾਂ ਅੱਗੇ ਲਿਆ ਕੇ ਜੋ ਜੀਵ ਗੁਰ ਵਲੋਂ ਬਖਸ਼ੇ ਸ਼ਬਦ ਦਾ ਸਿਮਰਨ ਕਰਦੇ ਹਨ ਉਸ ਨੂੰ ਧਿਆਉਣਾ ਕਿਹਾ ਗਿਆ ਹੈ। ਜਦੋਂ ਅਸੀਂ ਸਰੂਪ ਨੂੰ ਅੱਗੇ ਲਿਆ ਕੇ ਸਿਮਰਨ ਕਰਾਂਗੇ ਫੇਰ ਜਿੱਥੋਂ ਤੱਕ ਉਸ ਸਰੂਪ ਦੀ ਰਸਾਈ ਹੁੰਦੀ ਹੈ ਬਿਨਾਂ ਝਿਜਕ ਦੇ ਜੀਵ ਦੀ ਆਤਮਾ ਉੱਥੇ ਪਹੁੰਚ ਜਾਂਦੀ ਹੈ। ਸਾਨੂੰ ਇਹ ਪੱਕਾ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਅਗਰ ਬਾਣੀ ਪਾਰਬ੍ਰਹਮ ਵਾਸੀ ਹੈ ਤਦ ਸਾਡੀ ਆਤਮਾ ਵੀ ਪਾਰਬ੍ਰਹਮ ਪਹੁੰਚ ਜਾਵੇਗੀ।

## ਗੁਰਮੁਖਿ ਭਗਤਿ ਕਰਹੁ ਸਦ ਪ੍ਰਾਣੀ॥

ਇੱਕ ਗੁਰਮੁੱਖ ਹਨ, ਇੱਕ ਮਨਮੁੱਖ ਹਨ। ਜੋ ਜੀਵ ਗੁਰੂ ਦੀ ਦੱਸੀ ਹੋਈ ਸਿੱਖਿਆ ਜਾਂ ਗੁਰੂ ਦੇ ਪੂਰਨਿਆਂ ਉੱਪਰ ਚੱਲਦੇ ਹਨ ਉਹ ਗੁਰਮੁੱਖ ਹਨ। ਜੋ ਮਨ ਦੇ ਪਿੱਛੇ ਚੱਲਦੇ ਹਨ ਉਹ ਮਨਮੁੱਖ ਹਨ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਸਭ ਤੋਂ ਪਹਿਲਾਂ ਗੁਰਮੁੱਖ ਬਣੋ ਅਤੇ ਜਦੋਂ ਤੱਕ ਮਾਲਿਕ ਨੇ ਪ੍ਰਾਣਾਂ ਦੀ ਪੂੰਜੀ ਬਖਸ਼ੀ ਹੈ ਉਦੋਂ ਤੱਕ ਭਗਤੀ ਕਰੋ।

**ਹਿਰਦੈ ਪ੍ਰਗਾਸੁ ਹੋਵੈ ਲਿਵ ਲਾਗੈ**

**ਗੁਰਮਤਿ ਹਰਿ ਹਰਿ ਨਾਮਿ ਸਮਾਣੀ॥੧॥ ਰਹਾਉ॥**

ਫੇਰ ਬੀ.ਜੇ.ਪੀ. ਨੇ ਸਿਆਸਤ ਵਿੱਚ ਆਪਣਾ ਜੋ ਨਿਸ਼ਾਨ ਕਮਲ ਦਾ ਫੁੱਲ ਰੱਖਿਆ ਹੈ ਜੀਵ ਦੇ ਅੰਦਰ ਇਸ ਤਰ੍ਹਾਂ ਦਾ ਫੁੱਲ ਖਿੜਦਾ ਹੈ ਅਤੇ ਉਸ ਵਿੱਚੋਂ ਲਾਈਟ ਨਿਕਲਦੀ ਹੈ। ਤਦੇ ਸੰਤਾਂ ਨੇ ਫੁਰਮਾਇਆ ਹੈ ਕਿ

*ਦਾਸ ਤੇਰੇ ਕੀ ਬੇਨਤੀ ਰਿਦ ਕਰਿ ਪਰਗਾਸੁ॥*

*ਤੁਮ੍ਰੀ ਕ੍ਰਿਪਾ ਤੇ ਪਾਰਬ੍ਰਹਮ ਦੋਖਨ ਕੋ ਨਾਸੁ॥*

*(ਅੰਗ 818)*

ਜੀਵ ਦੀ ਭਗਤੀ ਵਿੱਚ ਸਭ ਤੋਂ ਪਹਿਲੀ ਬਖਸ਼ਿਸ਼ ਇਹ ਹੋਵੇਗੀ ਕਿ ਉਸ ਦੇ ਅੰਦਰ ਪਹੁ ਫੁੱਟੇਗੀ, ਪ੍ਰਕਾਸ਼ ਹੋਵੇਗਾ। ਅਸੀਂ ਵੀ ਬਹੁਤ ਵੱਡੇ-ਵੱਡੇ ਸੰਤਾਂ ਮਹਾਤਮਾਵਾਂ ਦੀ ਸੰਗਤ ਵਿੱਚ ਜਾਂਦੇ ਰਹੇ ਹਾਂ। ਉਹਨਾਂ ਨੇ ਵੀ ਇਹੋ ਦੱਸਿਆ ਸੀ ਕਿ ਇਨਸਾਨ ਦੇ ਅੰਦਰ ਪ੍ਰਕਾਸ਼ ਹੋਣ ਤੋਂ ਪਹਿਲਾਂ ਸਹਿਜ ਅਵਸਥਾ ਆਉਂਦੀ ਹੈ। ਬਿੰਡੇ ਵਰਗੀ ਅਵਾਜ ਤੁਹਾਡੇ ਕੰਨਾਂ ਵਿੱਚ ਸੁਣਾਈ ਦੇਵੇਗੀ। ਉਦੋਂ ਸਮਝੋ ਤੁਹਾਡੀ ਭਗਤੀ ਆਰੰਭ ਹੋ ਗਈ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਦੋਂ ਆਪਾਂ ਇਸ ਤਰ੍ਹਾਂ ਲਿਵ ਲਗਾ ਕੇ ਸਿਮਰਨ ਕਰਾਂਗੇ ਤਦ ਹਜ਼ੂਰ ਅੰਦਰ ਰਹਿਮਤ ਦਾ ਪ੍ਰਕਾਸ਼ ਬਖਸ਼ ਦੇਣਗੇ। ਉਦੋਂ ਸਮਝੋ ਕਿ ਹਜ਼ੂਰ ਨੇ ਤੁਹਾਡੀ ਬੰਦਗੀ ਅਤੇ ਧਿਆਉਣਾ ਕਬੂਲ ਕਰ ਲਿਆ ਹੈ।

**ਹੀਰਾ ਰਤਨ ਜਵੇਹਰ ਮਾਣਕ**

**ਬਹੁ ਸਾਗਰ ਭਰਪੂਰੁ ਕੀਆ॥**

ਸਭ ਨੂੰ ਪਤਾ ਹੈ ਕਿ ਸਮੁੰਦਰ ਵਿੱਚ ਹੀਰੇ ਜੁਆਹਰਾਤ ਦਾ ਬਹੁਤ ਵੱਡਾ ਭੰਡਾਰ ਹੈ। ਜੋ ਵੀ ਗੋਤਾਖੋਰ ਹੁੰਦੇ ਹਨ ਜਾਂ ਡੁੱਬਕੀ ਲਗਾ ਕੇ ਸਮੁੰਦਰ ਵਿੱਚ ਡੂੰਘਾਈ ਤੱਕ ਜਾਂਦੇ ਹਨ। ਉਹ ਤਲ ਤੱਕ ਜਾ ਕੇ ਖੋਜ ਕਰਦੇ ਹਨ ਪਰ ਫੇਰ ਵੀ ਉਹ ਸਮੁੰਦਰ ਦੀ ਹਾਥ ਪ੍ਰਾਪਤ ਨਹੀਂ ਕਰ ਸਕਦੇ ਅਤੇ ਹੀਰੇ ਜੁਆਹਰਾਤ ਦਾ ਭੰਡਾਰ ਉਹਨਾਂ ਨੂੰ ਲੱਭਦਾ ਨਹੀਂ ਹੈ। ਪਰੰਤੂ ਜੇਕਰ ਤੁਸੀਂ ਪੂਰਨ ਸੰਤਾਂ ਦੀ ਸੰਗਤ ਕਰੋਗੇ ਤਦ ਉਹ ਕੱਢੇ ਕਢਾਏ ਹੀਰੇ ਜੁਆਹਰਾਤ ਦਿਖਾ ਦਿੰਦੇ ਹਨ, ਬਖਸ਼ਿਸ਼ ਕਰ ਦਿੰਦੇ ਹਨ। ਪਰ ਜੇਕਰ ਅਸੀਂ ਕਹੀਏ ਕਿ ਅਸੀਂ ਖੁਦ ਜਾ ਕੇ ਸਮੁੰਦਰ ਵਿੱਚੋਂ ਹੀਰੇ ਜੁਆਹਰਾਤ ਲੱਭ ਲਵਾਂਗੇ ਤਦ ਇਹ ਕੰਮ ਬਹੁਤ ਕਠਿਨ, ਮੁਸ਼ਕਿਲ, ਨਾ ਮੁਮਕਿਨ ਹੈ। ਕਿਉਂਕਿ ਜਦੋਂ ਅਸੀਂ ਲੱਭਣ ਜਾਂਦੇ ਹਾਂ ਸਾਡੇ ਵਿੱਚ ਬਹੁਤ ਸਾਰੀਆਂ ਆਸ਼ਾ, ਤ੍ਰਿਸ਼ਨਾ, ਵਾਸ਼ਨਾ ਅੱਗੇ ਆ ਜਾਂਦੀਆਂ ਹਨ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅੱਗੇ ਆ ਜਾਂਦੇ ਹਨ। ਅਸੀਂ ਅਸਲੀ ਦਾਤ ਲੱਭਦੇ-ਲੱਭਦੇ ਇਹਨਾਂ ਵਿੱਚ ਭਟਕ ਜਾਂਦੇ ਹਾਂ। ਅਸੀਂ ਸੋਚਦੇ ਹਾਂ ਕਿ ਗ੍ਰਿਹਸਤ ਭੋਗ ਲਈਏ ਜਾਂ ਹੋਰ ਕੋਈ ਕੰਮ ਕਰਕੇ ਫੇਰ ਸਿਮਰਨ ਕਰਾਂਗੇ। ਪਰ ਇਹ ਚੀਜਾਂ ਅੱਗੇ ਆ ਕੇ ਜੀਵ ਦੀ ਭਗਤੀ ਵਿੱਚ ਵਿਘਨ ਪਾਉਂਦੀਆਂ ਹਨ।

**ਜਿਸੁ ਵਡਭਾਗੁ ਹੋਵੈ ਵਡ ਮਸਤਕਿ**

**ਤਿਨਿ ਗੁਰਮਤਿ ਕਢਿ ਕਢਿ ਲੀਆ॥੨॥**

ਪਰ ਜਿਸਦੇ ਮਸਤਕ ਵਿੱਚ ਭਾਗ ਹੋਣਗੇ, ਜਿਸ ਤਰ੍ਹਾਂ ਦੁੱਧ ਨੂੰ ਖੱਟਾ ਲਗਾ ਕੇ ਦਹੀਂ ਬਣਾਈਦਾ ਹੈ। ਫੇਰ ਉਸ ਵਿੱਚ ਮਧਾਣੀ ਪਾ ਕੇ ਰਿੜਕ ਕੇ ਮੱਖਣ ਕੱਢੀਦਾ ਹੈ ਅਗਰ ਇਸੇ ਤਰ੍ਹਾਂ ਅਸੀਂ ਨਾਮ ਦੀ ਮਧਾਣੀ ਪਾ ਕੇ ਰਿੜਕਾਂਗੇ ਨਹੀਂ ਤਦ ਉਹ ਦਾਤ ਵਿੱਚੋਂ ਨਹੀਂ ਨਿਕਲਣੀ। ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੁੱਛਿਆ ਗਿਆ ਸੀ ਕਿ ਦੱਸੋ ਰੱਬ, ਅੱਲਾਹ, ਗਾਡ, ਰਾਮ, ਸੁਆਮੀ, ਮਾਧੋ, ਭਗਵਾਨ ਹੈ? ਅਗਰ ਉਹ ਹੈ ਤਦ ਦਿਸਦਾ ਕਿਉਂ ਨਹੀਂ ਹੈ? ਹਜ਼ੂਰ ਨੇ ਫੁਰਮਾਨ ਕੀਤਾ ਕਿ ਉਹ ਭਗਵਾਨ ਜ਼ਰੂਰ ਹੈਗਾ। ਪਰ ਜਿਸ ਤਰ੍ਹਾਂ ਦੁੱਧ ਵਿੱਚ ਮੱਖਣ ਅਤੇ ਘਿਉ ਹੈ ਪਰ ਉਹ ਦਿਸਦਾ ਨਹੀਂ ਹੈ ਇਸ ਤਰ੍ਹਾਂ ਉਹ ਭਗਵਾਨ ਦਿਸਦੇ ਨਹੀਂ ਹਨ। ਉਹਨਾਂ ਨੂੰ ਜੁਗਤੀ ਦੁਆਰਾ ਦੇਖਿਆ ਜਾ ਸਕਦਾ ਹੈ। ਜਿਵੇਂ ਦੁੱਧ ਨੂੰ ਖੱਟਾ ਲਗਾ ਕੇ ਦਹੀਂ ਬਣ ਜਾਵੇਗਾ। ਫੇਰ ਉਸ ਨੂੰ ਰਿੜਕ ਕੇ ਮੱਖਣ ਬਣੇਗਾ ਅਤੇ ਮੱਖਣ ਨੂੰ ਗਰਮ ਕਰਕੇ ਘਿਉ ਬਣੇਗਾ।

*ਸਗਲ ਬਨਸਪਤਿ ਮਹਿ ਬੈਸੰਤਰੁ*

*ਸਗਲ ਦੂਧ ਮਹਿ ਘੀਆ॥ (ਅੰਗ 617)*

ਪਰ ਦੁੱਧ ਵਿੱਚ ਘਿਉ ਨਜ਼ਰ ਨਹੀਂ ਆਉਂਦਾ। ਸੰਤਾਂ ਦੇ ਬਚਨ ਮੰਨ ਕੇ ਜੋ ਜੀਵ ਸਿਮਰਨ ਕਰਦੇ ਹਨ ਉਹ ਅਵੱਸ਼ ਉਹ ਦਾਤ ਪ੍ਰਾਪਤ ਕਰ ਲੈਂਦੇ ਹਨ।

**ਰਤਨੁ ਜਵੇਹਰੁ ਲਾਲੁ ਹਰਿ ਨਾਮਾ**

**ਗੁਰਿ ਕਾਢਿ ਤਲੀ ਦਿਖਲਾਇਆ॥**

ਸਾਧੂ ਜੋ ਉਪਦੇਸ਼ ਦਿੰਦੇ ਹਨ ਜਦੋਂ ਜੀਵ ਉਹਨਾਂ ਪੰਜਾਂ ਸ਼ਬਦਾਂ ਦਾ ਜਾਪ ਕਰਦੇ ਹਨ ਉਹਨਾਂ ਨੂੰ ਅਵੱਸ਼ ਉਸ ਤਾਕਤ ਦੇ ਦਰਸ਼ਨ ਹੁੰਦੇ ਹਨ। ਅਸੀਂ ਇੱਕ ਪ੍ਰਤੀਸ਼ਤ ਵੀ ਨਹੀਂ ਮੰਨਦੇ ਕਿ ਜੋ ਸੰਗਤ ਉਹਨਾਂ ਸ਼ਬਦਾਂ ਦਾ ਸਿਮਰਨ ਕਰੇ, ਜੁਗਤੀ ਮੁਤਾਬਿਕ ਸਿਮਰਨ ਕਰੇ ਉਸ ਨੂੰ ਇੱਕ ਵਾਰ ਦਰਸ਼ਨ ਜ਼ਰੂਰ ਹੁੰਦੇ ਹਨ। ਅਗਰ ਉਹ ਕੋਈ ਅਵੱਗਿਆ ਕਰੇ ਤਦ ਗੱਲ ਅਲੱਗ ਹੈ। ਜੇਕਰ ਗੱਡੀ ਗੈਰੇਜ਼ ਵਿੱਚੋਂ ਨਵੀਂ ਖਰੀਦੀ ਹੈ ਅਤੇ ਉੱਥੋਂ ਹੀ ਨਹੀਂ ਚੱਲਦੀ ਸਮਝੋ ਗੱਡੀ ਠੀਕ ਨਹੀਂ ਹੈ। ਅਗਰ ਗੱਡੀ ਸੌ ਦੋ ਸੌ ਮੀਲ ਚੱਲਣ ਤੋਂ ਬਾਅਦ ਰੁਕਦੀ ਹੈ ਤਦ ਉਸ ਗੱਡੀ ਵਿੱਚ ਕੋਈ ਨੁਕਸ ਪੈ ਗਿਆ ਹੈ ਜਾਂ ਚਲਾਉਣ ਵਾਲੇ ਦਾ ਕੋਈ ਕਸੂਰ ਹੈ। ਅਰਥਾਤ ਜਾਂ ਤਾਂ ਅਸੀਂ ਸਿਮਰਨ ਗਲਤ ਕਰ ਰਹੇ ਹਾਂ ਜਾਂ ਉਪਦੇਸ਼ ਲੈਣ ਤੋਂ ਬਾਅਦ ਕੋਈ ਅਵੱਗਿਆ ਕੀਤੀ ਹੈ ਤਦ ਉਹ ਗੱਡੀ ਚੱਲਦੀ ਚੱਲਦੀ ਰੁਕ ਗਈ ਹੈ। ਵਰਨਾ ਅਸੀਂ ਬੁਲੰਦ ਅਵਾਜ਼ ਨਾਲ ਕਹਿ ਸਕਦੇ ਹਾਂ ਕਿ ਐਸਾ ਕੋਈ ਵੀ ਜੀਵ ਨਹੀਂ ਹੋਵੇਗਾ ਜਿਸ ਨੂੰ ਇੱਕ ਵਾਰ ਦਰਸ਼ਨ ਨਾ ਹੋਏ ਹੋਣ ਚਾਹੇ ਉਸ ਨੂੰ ਸੁਪਨੇ ਵਿੱਚ ਹੀ ਦਰਸ਼ਨ ਹੋਏ ਹੋਣ ਉਸ ਸੁਪਨੇ ਨੂੰ ਪਰਚਾ

ਕਿਹਾ ਗਿਆ ਹੈ।

*ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ॥*
*(ਅੰਗ 730)*

ਉਹ ਅਕਾਲ ਪੁਰਖ ਵਾਹਿਗੁਰੂ, ਧੁਰ ਕੀ ਬਾਣੀ ਉਸ ਦਾਤ ਦੇ ਅਵੱਸ਼ ਦਰਸ਼ਨ ਬਖਸ਼ਦੀ ਹੈ।

**ਭਾਗਹੀਣ ਮਨਮੁਖਿ ਨਹੀ ਲੀਆ**
**ਤ੍ਰਿਣ ਓਲੈ ਲਾਖੁ ਛਪਾਇਆ॥**

ਜੋ ਜੀਵ ਭਾਗਾਂ ਤੋਂ ਹੀਣ ਹਨ, ਵਾਂਝੇ ਹਨ ਉਹ ਕਾਮ, ਕਰੋਧ, ਲੋਭ, ਮੋਹ, ਹੰਕਾਰ ਦੀ ਕੰਧ ਨੂੰ ਅੱਗੇ ਕਰਕੇ ਲੁਕ ਜਾਂਦੇ ਹਨ। ਸਿਆਣਿਆਂ ਨੇ ਕਿਹਾ ਹੈ ਕਿ

*ਕੰਧ ਓਹਲੇ ਪਰਦੇਸ।*

ਅਗਰ ਜੀਵ ਦੇ ਮਿਲਾਪ ਵਿੱਚ ਇੱਕ ਕੰਧ ਆ ਜਾਂਦੀ ਹੈ ਫੇਰ ਚਾਹੇ ਉਹ ਅਮਰੀਕਾ, ਕਨੇਡਾ ਬੈਠਾ ਹੈ ਜਾਂ ਇੱਥੇ ਬੈਠਾ ਹੈ ਜੇਕਰ ਉਹ ਮਿਲ ਨਹੀਂ ਸਕਦਾ ਤਦ ਉਹ ਪਰਦੇਸ ਵਿੱਚ ਹੋਣ ਦੇ ਬਰਾਬਰ ਹੈ। ਇਸ ਤਰ੍ਹਾਂ ਜਿਸ ਦੇ ਅੰਦਰ ਕਾਮ, ਕਰੋਧ, ਲੋਭ, ਮੋਹ, ਹੰਕਾਰ ਦੀ ਕੰਧ ਆ ਜਾਂਦੀ ਹੈ ਉੱਥੇ ਉਹ ਦਾਤ ਛੁਪ ਜਾਂਦੀ ਹੈ, ਓਹਲੇ ਹੋ ਜਾਂਦੀ ਹੈ ਅਤੇ ਜੀਵ ਦਰਸ਼ਨਾਂ ਤੋਂ ਵਾਂਝਾ ਹੋ ਜਾਂਦਾ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਦੋਂ ਅਸੀਂ ਇਹਨਾਂ ਕੁਰੀਤੀਆਂ ਵਿੱਚ ਪੈਂਦੇ ਹਾਂ ਤਦ ਉਹ ਮਾਲਿਕ ਸਾਨੂੰ ਦਰਸ਼ਨਾਂ ਤੋਂ ਵਾਂਝੇ ਰੱਖਦੇ ਹਨ, ਬਖਸ਼ਿਸ਼ ਨਹੀਂ ਕਰਦੇ।

**ਮਸਤਕਿ ਭਾਗੁ ਹੋਵੈ ਧੁਰਿ ਲਿਖਿਆ**
**ਤਾ ਸਤਗੁਰੁ ਸੇਵਾ ਲਾਏ॥**

ਹਜ਼ੂਰ ਚੌਥੇ ਪਾਤਿਸ਼ਾਹ ਜੀ ਫੁਰਮਾਨ ਕਰ ਰਹੇ ਹਨ ਕਿ ਅਗਰ ਜੀਵ ਦੇ ਮਸਤਕ ਦੇ ਐਸੇ ਭਾਗ ਹੋਣ—ਭਾਗ ਦੋ ਕਿਸਮ ਦੇ ਹਨ। ਇੱਕ ਮਸਤਕ ਰੇਖਾ ਹੈ ਇੱਕ ਹੱਥ ਰੇਖਾ ਹੈ। ਮਸਤਕ ਦੇ ਭਾਗ ਟਲਦੇ ਨਹੀਂ ਹਨ ਕੇਵਲ ਪੂਰਨ ਸੰਤ ਹੀ ਉਹਨਾਂ ਨੂੰ ਬਦਲ ਸਕਦੇ ਹਨ।

*ਤੁਲਸੀ ਲਿਖੀ ਨਸੀਬ ਕੀ ਸੰਤ ਦੇਤ ਹੈਂ ਫੇਰ*
*ਸੰਤ ਦੇਤ ਹੈਂ ਫੇਰ ਹਾਥ ਮੇਂ ਉਨਕੇ ਸਾਹਿਬ*
*ਉਨਸੇ ਕਰਤਾ ਭੀ ਡਰੇ।*

ਸੰਤ ਇਹ ਸਮਰੱਥਾ ਰੱਖਦੇ ਹਨ ਕਿ ਉਹਨਾਂ ਲੇਖਾਂ ਨੂੰ ਬਦਲ ਦੇਣ। ਹੱਥ ਰੇਖਾ ਜੀਵ ਦੇ ਕਰਮਾਂ ਦੀ ਰੇਖਾ ਹੁੰਦੀ ਹੈ। ਹੱਥ ਰੇਖਾ ਦੇਖ ਕੇ ਪਤਾ ਚੱਲ ਸਕਦਾ ਹੈ ਕਿ ਇਸ ਬੱਚੇ ਦੀ ਇੱਕ ਸ਼ਾਦੀ ਹੋਣੀ ਹੈ ਜਾਂ ਦੋ ਸ਼ਾਦੀਆਂ ਹੋਣੀਆਂ ਹਨ। ਇਸ ਦੇ ਘਰ ਕਿੰਨੇ ਬੱਚੇ ਹੋਣੇ ਹਨ। ਕਿੰਨੀਆਂ ਧੀਆਂ ਅਤੇ ਕਿੰਨੇ ਪੁੱਤਰ ਹੋਣੇ ਹਨ। ਇਸ ਦੀ ਉਮਰ ਕਿੰਨੀ ਹੈ। ਇਸ ਦੇ ਕਰਮਾਂ ਵਿੱਚ ਪੜ੍ਹਾਈ ਹੈ ਜਾਂ ਨਹੀਂ। ਕੋਈ ਵਿਘਨ ਪਵੇਗਾ ਜਾਂ ਐਕਸੀਡੈਂਟ ਹੋ ਕੇ ਕੋਈ ਵਿਘਨ ਪਵੇਗਾ। ਇਹ ਸਾਰੀ ਹਸਤ ਰੇਖਾ ਹੈ ਜਿਸ ਨੂੰ ਪਾਮਿਸਟਰੀ ਕਿਹਾ ਗਿਆ ਹੈ। ਇਸ ਬਾਰੇ ਤੰਤਰ ਵਿਧਾਨ ਵਾਲੇ ਸਾਧੂ ਵੀ ਸਭ ਕੁਝ ਸਾਖਿਆਤ ਦੱਸ ਦਿੰਦੇ ਹਨ ਕਿ ਇਸ ਤਰ੍ਹਾਂ ਹੋਵੇਗਾ। ਕਈਆਂ ਬਾਦਸ਼ਾਹਾਂ ਨੇ ਆਪਣੇ ਘਰ ਰਾਜ ਰਿਸ਼ੀ ਰੱਖੇ ਹੋਏ ਸਨ। ਉਹ ਸਭ ਕੁਝ ਦੱਸ ਦਿੰਦੇ ਸਨ।

ਕਿਹਾ ਜਾਂਦਾ ਹੈ ਕਿ ਇੱਕ ਰਾਜੇ ਦੇ ਘਰ ਪੁੱਤਰ ਹੋਇਆ। ਉਹ ਆਪਣੇ ਰਾਜ ਰਿਸ਼ੀ ਕੋਲ ਬੱਚੇ ਦਾ ਨਾਮ ਰਖਵਾਉਣ ਲਈ ਗਏ। ਰਾਜਰਿਸ਼ੀ ਨੇ ਕਿਹਾ ਅਸੀਂ ਨੌਂ ਵਜੇ ਤੋਂ ਬਾਅਦ ਬੱਚੇ ਦਾ ਨਾਮ ਰੱਖਾਂਗੇ ਕਿਉਂਕਿ ਰਾਜ ਰਿਸ਼ੀ ਨੂੰ ਪਤਾ ਸੀ ਕਿ ਨੌਂ ਵਜੇ ਤੋਂ ਪਹਿਲਾਂ-ਪਹਿਲਾਂ ਇਸ ਦੇ ਪ੍ਰਾਣ ਨਿਕਲ ਜਾਣੇ ਹਨ। ਅਸੀਂ ਨਾਮ ਰੱਖ ਕੇ ਕੀ ਕਰਨਾ ਹੈ। ਸੋਈ ਇੱਥੋਂ ਤੱਕ ਅਡਵਾਂਸ ਹੀ ਨਜੂਮੀ ਅਤੇ ਜੋਤਸ਼ੀ ਦੱਸ ਦਿੰਦੇ ਹਨ। ਪੂਰਨ ਸੰਤਾਂ ਦੀ ਸੰਗਤ ਕਰਨ ਨਾਲ, ਪਾਠ, ਸਿਮਰਨ, ਬੰਦਗੀ ਕਰਨ ਨਾਲ ਹਸਤ ਰੇਖਾ ਬਦਲ ਜਾਂਦੀ ਹੈ। ਪਰ ਮਸਤਕ ਰੇਖਾ ਨੂੰ ਅਗਰ ਪੂਰਨ ਸੰਤ ਕਿਰਪਾ ਕਰਨ ਤਦ ਉਹੋ ਹੀ ਬਦਲ ਸਕਦੇ ਹਨ। ਹਜ਼ੂਰ ਚੌਥੇ ਪਾਤਿਸ਼ਾਹ ਜੀ ਭੇਦ ਬਖਸ਼ ਰਹੇ ਹਨ ਕਿ ਜਿਸ ਦੇ ਮਸਤਕ ਵਿੱਚ ਭਾਗ ਹੋਣ, ਪਿਛਲੇ ਕਰਮਾਂ ਦਾ ਲਿਖਿਆ ਹੋਵੇ, ਉਹੋ ਹੀ ਸਿਮਰਨ, ਬੰਦਗੀ ਕਰਕੇ ਇਸ ਦਾਤ ਨੂੰ ਪ੍ਰਾਪਤ ਕਰਦਾ ਹੈ। ਹੁਣ ਆਪਾਂ ਜੀਵ ਕਈ ਵਾਰ ਵਹਿਮਾਂ ਵਿੱਚ ਪੈ ਜਾਂਦੇ ਹਾਂ ਕਿ ਅਗਰ ਸਾਡੇ ਮਸਤਕ ਦੇ ਭਾਗ ਨਹੀਂ ਹਨ ਫੇਰ ਸਾਨੂੰ ਦਾਤ ਕਿਵੇਂ ਮਿਲ ਸਕਦੀ ਹੈ? ਪਰ ਐਸਾ ਨਹੀਂ ਹੈ। ਉਹ ਪੂਰਨ ਤਾਕਤ ਸਿਰਫ ਅਤੇ ਸਿਰਫ ਇਹ ਬਖ਼ਸ਼ਿਸ਼ ਸਤਿਸੰਗ ਵਿੱਚ ਹੀ ਕਰਦੀ ਹੈ। ਅਗਰ ਉਂਝ ਹੁੰਦੀ ਹੋਵੇ ਤਾਂ ਰਿਸ਼ਤੇਦਾਰ ਆ ਜਾਣ ਕਿ ਮੈਨੂੰ ਵੱਖਰੇ ਮਿਲ ਲਵੋ। ਇਸ ਤਰ੍ਹਾਂ ਗੱਲ ਨਹੀਂ ਬਣਦੀ।

*ਸੁਤ ਦਾਰਾ ਧਨ ਲਕਸ਼ਮੀ ਪਾਪੀ ਕੇ ਭੀ ਹੋਇ।*
*ਸੰਤ ਸਮਾਗਮ ਹਰੀ ਕਥਾ ਤੁਲਸੀ ਦੁਰਲਭ ਦੋਇ।*

ਪੁੱਤਰ, ਘਰਵਾਲੀ, ਧਨ ਦੌਲਤ, ਮਾਇਆ ਅਰਥਾਤ ਪ੍ਰੈਜੀਡੈਂਟੀਆਂ, ਚੀਫ਼ ਮਨਿਸਟਰੀਆਂ, ਪ੍ਰਾਈਮ ਮਨਿਸਟਰੀਆਂ, ਵੱਡੇ-ਵੱਡੇ ਅਹੁਦੇ, ਅਫ਼ਸਰੀਆਂ ਪਾਪੀਆਂ ਕੋਲ ਵੀ ਹੁੰਦੀਆਂ ਹਨ ਸੰਤ ਸਮਾਗਮ ਅਤੇ ਹਰੀ ਕਥਾ ਭਾਵ

*ਸਤਸੰਗਤਿ ਕੈਸੀ ਜਾਣੀਐ॥*
*ਜਿਥੈ ਏਕੋ ਨਾਮੁ ਵਖਾਣੀਐ॥ (ਅੰਗ 72)*

ਜਿੱਥੇ ਸਿਰਫ ਅਤੇ ਸਿਰਫ ਇੱਕ ਨਾਮ ਦੀ ਵਿਆਖਿਆ, ਸੋਭਾ, ਜਾਪ ਅਤੇ ਉਸਤਿਤ ਹੋਵੇ। ਉਸ ਸਤਿਸੰਗ ਵਿੱਚ ਆਉਣ ਤੋਂ ਬਾਅਦ ਸਤਿਗੁਰ ਜੀਵ ਦੇ ਮਸਤਕ ਦੇ ਲੇਖ ਵੀ ਠੀਕ ਕਰ ਦਿੰਦੇ ਹਨ। ਇਸੇ ਕਰਕੇ ਹੀ ਸੰਗਤ ਨੂੰ ਬੇਨਤੀ ਕਰਦੀ ਹੈ ਕਿ ਤੁਸੀਂ ਸਤਿਸੰਗ ਜ਼ਰੂਰ ਸੁਣਿਆ ਕਰੋ। ਕਿਉਂਕਿ

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥*

ਇੱਕ ਕੀਰਤ ਹੈ ਇੱਕ ਕੀਰਤਨ ਹੈ। ਹੁਣ ਬਿਨਾਂ ਸਾਜਾਂ ਤੋਂ ਜੋ ਕਥਾ ਹੋ ਰਹੀ ਹੈ ਇਸ ਨੂੰ ਕੀਰਤ ਕਿਹਾ ਗਿਆ ਹੈ।

*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ॥ (ਅੰਗ 642)*

ਇਹ ਵੀ ਜੀਵ ਦੇ ਪੂਰਬਲੇ ਕਰਮ ਉਦੇ ਹੋਣ ਤਦ ਜੀਵ

ਆ ਕੇ ਸਤਿਸੰਗ ਅਤੇ ਕਥਾ ਸੁਣਦਾ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜੀਵ ਦੇ ਮਸਤਕ ਦੇ ਉੱਚੇ ਭਾਗ ਹੋਣ ਤਦ ਜੀਵ ਆ ਕੇ ਕਥਾ ਅਤੇ ਸਤਿਸੰਗ ਸੁਣਦਾ ਹੈ।

**ਨਾਨਕ ਰਤਨ ਜਵੇਹਰ ਪਾਵੈ**

**ਧਨੁ ਧਨੁ ਗੁਰਮਤਿ ਹਰਿ ਪਾਏ ॥੪॥੧॥**

ਧੰਨ ਉਹ ਗੁਰੂ ਪਿਆਰੇ ਹਨ ਜੋ ਗੁਰਮੱਤ ਵਿੱਚ ਆਉਂਦੇ ਹਨ ਗੁਰਬਾਣੀ ਦੀ ਸ਼ਰਨ ਵਿੱਚ ਆਉਂਦੇ ਹਨ ਅਤੇ ਉਹੋ ਹੀ ਇਹ ਦਾਤਾਂ ਪ੍ਰਾਪਤ ਕਰਦੇ ਹਨ।

**ਰਾਮਕਲੀ ਮਹਲਾ ੪ ॥**

**ਰਾਮ ਜਨਾ ਮਿਲਿ ਭਇਆ ਅਨੰਦਾ**

**ਹਰਿ ਨੀਕੀ ਕਥਾ ਸੁਨਾਇ ॥**

ਜਦੋਂ ਜੀਵ ਦੇ ਉੱਪਰ ਅਪਾਰ ਬਖਸ਼ਿਸ਼ ਹੋਵੇ ਫੇਰ ਮਨ ਵਿੱਚ ਇਹ ਨਹੀਂ ਆਉਂਦਾ ਕਿ ਕਦੋਂ ਸਤਿਸੰਗ ਖਤਮ ਹੋਵੇ। ਕਦੋਂ ਸਲੋਕ ਵਿੱਚ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਦਾ ਆਵੇ ਅਤੇ ਸਤਿਸੰਗ ਖਤਮ ਹੋਵੇ। ਜੋ ਰਾਮ ਦੇ ਜਨ ਹਨ ਜਦੋਂ ਉਹ ਸਤਿਸੰਗ ਸੁਣਦੇ ਹਨ ਉਹਨਾਂ ਨੂੰ ਇਕ ਅਨੰਦ, ਖੁਸ਼ੀ, ਖੇੜਾ ਆਉਂਦਾ ਹੈ ਅਤੇ ਉਹ ਕਹਿੰਦੇ ਹਨ ਕਿ ਇਹ ਕਥਾ ਹੋਰ ਲੰਮੀ ਹੋ ਜਾਵੇ, ਯਸ਼ ਹੋਰ ਲੰਮਾ ਹੋਵੇ। ਜਦੋਂ ਤੁਹਾਡਾ ਮਨ ਵੀ ਐਸਾ ਸੋਚਦਾ ਹੈ ਉਦੋਂ ਸਮਝੋ ਤੁਹਾਡੇ ਉੱਪਰ ਅਪਾਰ ਬਖਸ਼ਿਸ਼ ਹੈ। ਅਗਰ ਮਨ ਸੋਚਦਾ ਹੈ ਕਿ ਕਦੋਂ ਸਤਿਸੰਗ ਖਤਮ ਹੋਵੇ ਉਦੋਂ ਸਮਝੋ ਕਰਮ ਠੀਕ ਸਾਥ ਨਹੀਂ ਦੇ ਰਹੇ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜੋ ਗੁਰੂ ਪਿਆਰੇ ਰਾਮ ਦੇ ਭਗਤ ਹਨ ਉਹ ਜਿਉਂ-ਜਿਉਂ ਕਥਾ ਅਤੇ ਯਸ਼ ਸੁਣਦੇ ਹਨ ਤਿਉਂ-ਤਿਉਂ ਉਹਨਾਂ ਨੂੰ ਖੁਸ਼ੀ, ਖੇੜੇ ਅਤੇ ਅਨੰਦ ਆਉਂਦਾ ਹੈ। ਉਸ ਵਕਤ ਜੋ ਕਥਾ ਹੋ ਰਹੀ ਹੁੰਦੀ ਹੈ ਉਹ ਖੁਸ਼ੀ ਵਰਤਾ ਰਹੀ ਹੁੰਦੀ ਹੈ। ਇਸ ਕਰਕੇ ਉਹ ਜੀਵ ਕਹਿੰਦੇ ਹਨ ਕਿ ਸਤਿਸੰਗ ਹੋਰ ਲੰਬਾ ਹੋ ਜਾਵੇ ਤਾਂ ਕਿ ਅਸੀਂ ਗੁਰਬਾਣੀ ਦਾ ਹੋਰ ਅਨੰਦ ਮਾਣ ਸਕੀਏ। ਹਜ਼ੂਰ ਤੀਸਰੇ ਪਾਤਿਸ਼ਾਹ ਜੀ ਨੇ ਫੁਰਮਾਇਆ ਹੈ ਕਿ

*ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥*

*(ਅੰਗ 917)*

ਆਪਾਂ ਵਧੀਆ ਖਾਣਾ ਖਾ ਕੇ, ਵਧੀਆ ਗੱਡੀ ਵਿੱਚ ਬੈਠ ਕੇ ਜਾਂ ਵਧੀਆ ਘਰ, ਕੋਠੀ ਵਿੱਚ ਰਹਿ ਕੇ ਅਨੰਦ ਆਇਆ ਕਹਿੰਦੇ ਹਾਂ ਪ੍ਰੰਤੂ ਸੰਤਾਂ ਨੇ ਫੁਰਮਾਨ ਕੀਤਾ ਹੈ ਕਿ ਜਦੋਂ ਗੁਰਬਾਣੀ ਦੀ ਪ੍ਰਾਪਤੀ ਹੁੰਦੀ ਹੈ ਸੱਚਾ ਅਨੰਦ ਉਦੋਂ ਆਉਂਦਾ ਹੈ ਅਤੇ ਉਹ ਕਥਾ ਵਧੀਆ ਲੱਗਦੀ ਹੈ।

**ਦੁਰਮਤਿ ਮੈਲੁ ਗਈ ਸਭ ਨੀਕਲਿ**

**ਸਤਸੰਗਤਿ ਮਿਲਿ ਬੁਧਿ ਪਾਇ ॥੧॥**

ਸਾਡੇ ਮਾਤਾ ਪਿਤਾ ਜੀ ਬਿਆਸ ਜਾਂਦੇ ਸਨ। ਉਹ ਸਾਨੂੰ ਕਹਿਣ ਲੱਗੇ ਤੂੰ ਵੀ ਬਿਆਸ ਚੱਲ। ਅਸੀਂ ਕਿਹਾ ਤੁਹਾਨੂੰ ਮੁਬਾਰਕ ਤੁਸੀਂ ਬਿਆਸ ਤੋਂ ਉਪਦੇਸ਼ ਲਿਆ ਹੈ। ਅਸੀਂ ਆਪਣੇ ਹਜ਼ੂਰ ਧਿਆਨਪੁਰ ਵਾਲਿਆਂ ਤੋਂ ਉਪਦੇਸ਼ ਲਿਆ ਹੈ। ਤੁਸੀਂ ਬਿਆਸ ਤੋਂ ਸਤਿਸੰਗ ਸੁਣੋ ਅਸੀਂ ਆਪਣੇ ਹਜ਼ੂਰ ਤੋਂ ਸੁਣਦੇ ਹਾਂ। ਪਰ ਉਹ ਨਾ ਮੰਨਣ। ਅਸੀਂ ਕਿਹਾ ਤੁਸੀਂ ਕੀ ਸੋਚਦੇ ਹੋ ਕਿ ਬਿਆਸ ਵਾਲੇ ਤੁਹਾਡੇ ਹੀ ਮਹਾਰਾਜ ਹਨ? ਸਾਡੇ ਨਹੀਂ ਹਨ? ਉਹ ਕਹਿਣ ਲੱਗੇ ਹਾਂ ਅਗਰ ਤੂੰ ਉੱਥੇ ਜਾਵੇਂਗਾ ਨਹੀਂ ਫੇਰ ਮਹਾਰਾਜ ਤੇਰੇ ਕਿਵੇਂ ਹੋਏ। ਅਸੀਂ ਕਿਹਾ ਠੀਕ ਹੈ। ਅਗਰ ਤੁਹਾਡੇ ਮਹਾਰਾਜ ਹਨ ਤੁਹਾਨੂੰ ਮਿਲ ਪਿਆ ਕਰਨ। ਤੁਹਾਨੂੰ ਉਹਨਾਂ ਨੇ ਕਿੰਨੀ ਕੁ ਵਾਰ ਨੇੜੇ ਹੋ ਕੇ ਦਰਸ਼ਨ ਦਿੱਤੇ ਹਨ?

ਇੱਕ ਦਫ਼ਾ ਅਸੀਂ ਚੰਡੀਗੜ੍ਹ ਤੋਂ ਆਪਣੇ ਮਾਤਾ-ਪਿਤਾ ਜੀ ਦੇ ਨਾਲ ਆ ਰਹੇ ਸੀ ਰਸਤੇ ਵਿੱਚ ਇਹ ਗੱਲਾਂ ਹੁੰਦੀਆਂ ਆਈਆਂ। ਜਦੋਂ ਅਸੀਂ ਬਿਆਸ ਅੱਡੇ ਕੋਲ ਪਹੁੰਚੇ ਤਦ ਅਸੀਂ ਉੱਥੇ ਗੱਡੀ ਰੋਕੀ ਕਿ ਨਿੰਬੂ ਪਾਣੀ ਪੀਂਦੇ ਹਾਂ। ਅਸੀਂ ਪਾਣੀ ਬਣਵਾਇਆ ਤਾਂ ਉੱਥੇ ਮਹਾਰਾਜ ਚਰਨ ਸਿੰਘ ਜੀ ਦੀ ਗੱਡੀ ਵੀ ਖੜ੍ਹੀ ਸੀ। ਜਦੋਂ ਅਸੀਂ ਪਾਣੀ ਦੇ ਪੈਸੇ ਦੇਣ ਲੱਗੇ ਤਾਂ ਮਹਾਰਾਜ ਚਰਨ ਸਿੰਘ ਆਪਣੀ ਗੱਡੀ ਵਿੱਚੋਂ ਉਤਰ ਕੇ ਆ ਕੇ ਪਾਣੀ ਵਾਲੇ ਨੂੰ ਕਹਿਣ ਲੱਗੇ ਕਿ ਨਾ ਭਈ! ਤੂੰ ਇਹਨਾਂ ਤੋਂ ਪੈਸੇ ਨਹੀਂ ਲੈਣੇ ਅਸੀਂ ਪੈਸੇ ਦਿਆਂਗੇ। ਅਸੀਂ ਹੱਥ ਜੋੜ ਕੇ ਖਲੋ ਗਏ ਕਿ ਸੱਚੇ ਪਾਤਿਸ਼ਾਹੋ! ਇਹ ਕੀ ਮੌਜ ਹੈ? ਅਸੀਂ ਉੱਥੇ ਉਹਨਾਂ ਦੇ ਸਾਹਮਣੇ ਹੀ ਆਪਣੇ ਮਾਤਾ-ਪਿਤਾ ਜੀ ਨੂੰ ਕਹਿ ਦਿੱਤਾ ਕਿ ਹੁਣ ਦੱਸੋ ਮਹਾਰਾਜ ਤੁਹਾਡੇ ਹਨ ਜਾਂ ਮੇਰੇ ਹਨ? ਉਹ ਤਾਂ ਮੈਨੂੰ ਸਿਕੰਜਵੀ ਪਿਆ ਰਹੇ ਹਨ ਤੁਸੀਂ ਕਹਿੰਦੇ ਹੋ ਕਿ ਸਾਡੇ ਮਹਾਰਾਜ ਹਨ। ਜਦੋਂ ਅਸੀਂ ਉੱਥੋਂ ਤੁਰ ਪਏ ਤਦ ਮਾਤਾ ਜੀ ਕਹਿਣ ਲੱਗੇ ਕਿ ਉਹਨਾਂ ਨੇ ਸਾਨੂੰ ਪਛਾਣ ਲਿਆ ਹੋਵੇਗਾ ਅਤੇ ਸਾਡੇ ਲਈ ਪੈਸੇ ਦਿੱਤੇ ਹੋਣੇ ਨੇ। ਅਸੀਂ ਕਿਹਾ ਚਲੋ ਤੁਹਾਡੇ ਲਈ ਹੀ ਸਹੀ। ਮੈਂ ਵੀ ਤੁਹਾਡਾ ਹੀ ਪੁੱਤਰ ਹਾਂ। ਅਸੀਂ ਕਦੋਂ ਕਹਿੰਦੇ ਹਾਂ ਕਿ ਇੰਝ ਨਹੀਂ ਹੈ।

ਅਸੀਂ ਫੇਰ ਇੱਕ ਦਿਨ ਚੰਡੀਗੜ੍ਹ ਤੋਂ ਆ ਰਹੇ ਸੀ। ਪਰਿਵਾਰ ਕਹਿਣ ਲੱਗਾ ਕਿ ਬਾਬੇ ਬਕਾਲੇ ਵਾਲਾ ਫਾਟਕ ਖਰਾਬ ਹੈ ਇਸ ਕਰਕੇ ਬਿਆਸ ਡੇਰੇ ਵੱਲੋਂ ਦੀ ਚੱਲੀਏ। ਜਦੋਂ ਅਸੀਂ ਮਿਲਟਰੀ ਏਰੀਏ ਦੇ ਕੋਲ ਗਏ ਤਾਂ ਉੱਥੇ ਮਹਾਰਾਜ ਚਰਨ ਸਿੰਘ ਜੀ ਦੀ ਕਾਰ ਖਰਾਬ ਹੋਈ ਖੜ੍ਹੀ ਸੀ। ਜਦੋਂ ਅਸੀਂ ਕੋਲੋਂ ਦੀ ਲੰਘੇ ਤਦ ਅਸੀਂ ਗੱਡੀ ਬੈਕ ਕਰਕੇ ਹੱਥ ਜੋੜ ਕੇ ਕਿਹਾ ਕਿ ਹਜ਼ੂਰ! ਸਾਡੀ ਗੱਡੀ ਐਨੀ ਪਾਕ ਪਵਿੱਤਰ ਨਹੀਂ ਹੈ ਕਿ ਤੁਹਾਨੂੰ ਬਿਠਾ ਸਕੀਏ ਪਰ ਅਗਰ ਸਾਡੀ ਬੇਨਤੀ ਮੰਨੋ ਤਦ ਅਸੀਂ ਤੁਹਾਨੂੰ ਗੱਡੀ ਵਿੱਚ ਬਿਠਾ ਕੇ ਅੱਗੇ ਪਿੱਛੇ ਜਾਂ ਬਿਆਸ ਡੇਰੇ ਜਾਣਾ ਹੈ ਤਾਂ ਉੱਥੇ ਛੱਡ ਆਉਂਦੇ ਹਾਂ। ਅਗਰ ਹਸਪਤਾਲ ਜਾਣਾ ਹੈ ਤਦ ਉੱਥੇ ਛੱਡ ਆਉਂਦੇ ਹਾਂ। ਉਹ ਕਹਿਣ ਲੱਗੇ ਕੋਈ ਗੱਲ ਨਹੀਂ। ਤਦ ਅਸੀਂ ਉਹਨਾਂ ਨੂੰ ਨਮਸਕਾਰ ਕੀਤੀ। ਉਹਨਾਂ ਨੇ ਆਪਣੇ ਡਰਾਈਵਰ ਨੂੰ ਕਿਹਾ ਕਿ ਸੈਲਫ ਮਾਰ। ਜਦੋਂ ਡਰਾਈਵਰ ਨੇ

ਸੈਲਫ ਮਾਰਿਆ ਤਾਂ ਗੱਡੀ ਸਟਾਰਟ ਹੋ ਗਈ। ਤਦ ਅਸੀਂ ਆਪਣੇ ਮਾਤਾ ਜੀ ਨੂੰ ਫੇਰ ਕਿਹਾ ਕਿ ਦੇਖਿਆ। ਅਗਰ ਅਸੀਂ ਬਿਆਸ ਨਹੀਂ ਜਾਂਦੇ ਹਾਂ ਤਦ ਮਾਂ ਮੈਲੇ ਕੱਪੜੇ ਨੂੰ ਜਿਆਦਾ ਧੋਂਦੀ ਹੈ। ਸੋਈ ਸਾਡੇ ਮਨ ਵਿੱਚ ਕਦੇ ਵੀ ਕਿਸੇ ਸੰਤਾਂ ਪ੍ਰਥਾਇ ਇਹ ਨਹੀਂ ਆਇਆ ਕਿ ਆਹ ਵੱਡੇ ਹਨ ਜਾਂ ਆਹ ਛੋਟੇ ਹਨ।

*ਸੰਤ ਸਭੀ ਇਕ ਘਰ ਸੇ ਆਵੇਂ॥*

ਐਸਾ ਨਹੀਂ ਕਿ ਸਿਰਫ ਬਿਆਸ ਵਾਲੇ ਹੀ, ਅਸੀਂ ਹੋਰ ਬੇਸ਼ਕ ਕਿਤੇ ਵੀ ਗਏ ਪਰ ਜਦੋਂ ਵੀ ਸਬੱਬ ਬਣਿਆ ਹਜ਼ੂਰ ਨੇ ਕਿਰਪਾ ਕਰਕੇ ਸੰਤਾਂ ਦਾ ਮਿਲਾਪ ਕਰਵਾਇਆ। ਜਦੋਂ ਅਸੀਂ ਬਿਆਸ ਵਾਲੀ ਸੰਗਤ ਨੂੰ ਦੱਸਿਆ ਕਿ ਮਹਾਰਾਜ ਚਰਨ ਸਿੰਘ ਜੀ ਨੇ ਸਾਨੂੰ ਸਿਕੰਜਵੀ ਪਿਆਈ ਜਾਂ ਇੰਝ ਰਸਤੇ ਵਿੱਚ ਮਿਲੇ ਤਦ ਬਿਆਸ ਵਾਲੀ ਸੰਗਤ ਬਹੁਤ ਪਿਆਰ ਕਰਨ ਲੱਗ ਪਈ। ਫੇਰ ਇੱਕ ਵਾਰ ਚੰਡੀਗੜ੍ਹ ਰਾਧਾ ਸਵਾਮੀ ਮੱਤ ਦਾ ਸਮਾਗਮ ਚੱਲ ਰਿਹਾ ਸੀ ਮਹਾਰਾਜ ਚਰਨ ਸਿੰਘ ਜੀ ਨੇ ਉੱਥੇ ਜਾਣਾ ਸੀ। ਸਾਨੂੰ ਬਿਆਸ ਦੀ ਸੰਗਤ ਵਾਲੇ ਆ ਕੇ ਕਹਿਣ ਲੱਗੇ ਕਿ ਅੱਜ ਮਹਾਰਾਜ ਆ ਰਹੇ ਹਨ ਅਸੀਂ ਤੁਹਾਨੂੰ ਉੱਥੇ ਸਤਿਸੰਗ ਸੁਣਨ ਲਈ ਖੜਨਾ ਹੈ। ਅਸੀਂ ਕਿਹਾ ਨਹੀਂ, ਅਸੀਂ ਆਪਣੇ ਹਜ਼ੂਰ ਦੇ ਸਤਿਸੰਗ ਸੁਣਦੇ ਹਾਂ ਅਸੀਂ ਉੱਥੇ ਜਾਣਾ ਹੈ। ਪਰ ਉਹ ਸਾਨੂੰ ਧੱਕੇ ਨਾਲ ਉੱਥੇ ਲੈ ਗਏ ਤਦ ਮਹਾਰਾਜ ਚਰਨ ਸਿੰਘ ਜੀ ਦਾ ਮੈਸੇਜ ਆ ਗਿਆ ਕਿ ਸਿਹਤ ਢਿੱਲੀ ਹੋਣ ਕਰਕੇ ਉਹ ਨਹੀਂ ਆ ਰਹੇ। ਜਦੋਂ ਅਸੀਂ ਉੱਠ ਕੇ ਤੁਰੇ ਤਦ ਸੁਨੇਹਾ ਆ ਗਿਆ ਕਿ ਉਹ ਆ ਰਹੇ ਹਨ। ਉਹਨਾਂ ਨੇ ਸਾਨੂੰ ਫੇਰ ਫੜ ਕੇ ਅੱਗੇ ਲਿਜਾ ਕੇ ਬਿਠਾ ਦਿੱਤਾ। ਫੇਰ ਸੁਨੇਹਾ ਆ ਗਿਆ ਕਿ ਨਹੀਂ ਆ ਰਹੇ। ਉਹ ਜਦੋਂ ਵੀ ਸਾਨੂੰ ਫੜ ਕੇ ਬਿਠਾਉਣ ਉਦੋਂ ਸੁਨੇਹਾ ਆ ਜਾਵੇ ਕਿ ਮਹਾਰਾਜ ਚਰਨ ਸਿੰਘ ਜੀ ਸਿਹਤ ਢਿੱਲੀ ਹੋਣ ਕਾਰਨ ਨਹੀਂ ਆ ਰਹੇ। ਅਸੀਂ ਸੰਗਤ ਨੂੰ ਕਿਹਾ ਕਿ ਭਲਿਉ ਲੋਕੋ! ਤੁਸੀਂ ਸਤਿਸੰਗ ਤੋਂ ਵਾਂਝੇ ਕਿਉਂ ਰਹਿ ਰਹੇ ਹੋ। ਜਦੋਂ ਤੱਕ ਤੁਸੀਂ ਸਾਨੂੰ ਇੱਥੇ ਬਿਠਾਉਣਾ ਹੈ ਓਨੀ ਦੇਰ ਮਹਾਰਾਜ ਚਰਨ ਸਿੰਘ ਜੀ ਨੇ ਸਤਿਸੰਗ ਕਰਨ ਨਹੀਂ ਆਉਣਾ। ਕਿਉਂਕਿ ਦੇਖੋ ਕਿਤੇ ਉਹਨਾਂ ਨੇ ਮਿਲ ਕੇ ਦਰਸ਼ਨ ਦਿੱਤੇ ਕਿਤੇ ਉੱਥੇ ਬਿਠਾ ਕੇ ਵੀ ਦਰਸ਼ਨ ਨਹੀਂ ਦਿੱਤੇ। ਹਜ਼ੂਰ ਦੀ ਮੌਜ ਨਾ ਹੋਵੇਗੀ ਕਿਉਂਕਿ

Content of mind is equal to stone is equal to death.

ਸਾਡੇ ਮਨ ਵਿੱਚ ਸੀ ਕਿ ਸੱਚੇ ਪਾਤਿਸ਼ਾਹੋ! ਅਸੀਂ ਆਪਣੇ ਹਜ਼ੂਰ ਦਾ ਸਤਿਸੰਗ ਸੁਣੀਏ। ਸਾਡੇ ਹਜ਼ੂਰ ਦੇਖ ਰਹੇ ਹੋਣਗੇ ਕਿ ਇਸ ਦੀ ਟੇਕ ਵਿੱਚ ਗੜਬੜ ਤਾਂ ਨਹੀਂ ਹੈ। ਹਜ਼ੂਰ ਵੀ ਦੇਖਦੇ ਹਨ ਕਿ ਜੀਵ ਦੀ ਟੇਕ ਕਿੱਥੇ ਟਿਕੀ ਹੋਈ ਹੈ। ਅਸੀਂ ਉੱਥੇ ਬੈਠੇ ਬੇਨਤੀ ਕਰੀ ਜਾਈਏ ਕਿ ਹਜ਼ੂਰ ਅਸੀਂ ਸੰਗਤ ਦੇ ਕਹਿਣ 'ਤੇ ਆ ਗਏ ਹਾਂ ਪਰ ਹਜ਼ੂਰ ਵੱਲੋਂ ਸਾਡੀ ਟੇਕ ਨਾ ਟੁੱਟ ਜਾਵੇ। ਸੋਈ ਜਦੋਂ ਜੀਵ ਸੱਚੀ ਸ਼ਰਧਾ ਨਾਲ ਕੋਈ ਵੀ ਅਰਦਾਸ ਕਰਦਾ ਹੈ ਤਦ ਹਜ਼ੂਰ ਅਵੱਸ਼ ਉਹ ਅਰਦਾਸ ਸੁਣਦੇ ਹਨ ਕਿਉਂਕਿ

*ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥*

*(ਅੰਗ 819)*

ਹਜ਼ੂਰ ਜੀਵ ਦੀ ਅਰਦਾਸ ਵਿਅਰਥ ਨਹੀਂ ਜਾਣ ਦਿੰਦੇ। ਸਾਡੇ ਉੱਪਰ ਜੋ ਕਿਰਪਾ ਹੋਈ ਉਹ ਹਜ਼ੂਰ ਦੀ ਹੀ ਵਡਿਆਈ ਹੈ। ਕਿਉਂਕਿ ਪੁਲਿਸ ਵਾਲਿਆਂ ਉੱਪਰ ਤਾਂ ਘਰ ਦੇ, ਬਾਹਰ ਦੇ ਵਿਸ਼ਵਾਸ ਨਹੀਂ ਕਰਦੇ ਪਰ ਹਜ਼ੂਰ ਨੇ ਕਿਵੇਂ ਵਿਸ਼ਵਾਸ ਕੀਤਾ ਹੈ ਇਹ ਹਜ਼ੂਰ ਹੀ ਜਾਣਦੇ ਹਨ। ਹਜ਼ੂਰ ਨੇ ਸਾਡੇ ਕੋਲੋਂ ਇਹ ਡਿਊਟੀ ਇਹ ਸੇਵਾ ਲੈਣੀ ਹੋਵੇਗੀ ਤਦ ਉਹਨਾਂ ਨੇ ਫਿਰ ਕਿਰਪਾ ਕੀਤੀ।

**ਰਾਮ ਜਨ ਗੁਰਮਤਿ ਰਾਮ ਬੋਲਾਇ॥**

ਜਦੋਂ ਦੂਸਰੀਆਂ ਸਟੇਟਾਂ ਵਿੱਚ ਜਾਈਦਾ ਹੈ ਤਾਂ ਉਹ ਕਹਿੰਦੇ ਹਨ ਕਿ ਰਾਮ ਰਾਮ! ਅਗਲਾ ਵੀ ਜਵਾਬ ਦਿੰਦਾ ਹੈ ਕਿ ਰਾਮ-ਰਾਮ! ਮੁਸਲਮਾਨ ਕਹਿੰਦੇ ਹਨ ਅਸਲਾਮ-ਵਾ-ਲੇਕਮ। ਅਗਲਾ ਜੀਵ ਜਵਾਬ ਦਿੰਦਾ ਹੈ ਕਿ ਵਾ-ਲੇਕਮ-ਅਸਲਾਮ। ਸਤਿ ਸ੍ਰੀ ਅਕਾਲ, ਗੁਰ ਪ੍ਰਸਾਦਿ। ਇਸ ਤਰ੍ਹਾਂ ਜੋ ਰਾਮ ਦੇ ਪਿਆਰੇ ਹਨ ਰਾਮ ਦਾ ਜਵਾਬ ਰਾਮ ਵਿੱਚ ਹੀ ਦਿੰਦੇ ਹਨ। ਜੋ ਰਾਮ ਪਿਆਰੇ ਹੁੰਦੇ ਹਨ ਉਹ ਰਾਮ ਦਾ ਨਾਮ ਸੁਣ ਕੇ ਖੁਸ਼ ਹੁੰਦੇ ਹਨ। ਜਿਸ ਤਰ੍ਹਾਂ ਦੀ ਕਿਸੇ ਦੀ ਸੱਭਿਅਤਾ ਹੈ ਜਾਂ ਕਲਚਰ ਹੈ ਜਾਂ ਕੋਈ ਜੀਵ ਜਿਸ ਤਰ੍ਹਾਂ ਦੀ ਸੰਗਤ ਵਿੱਚ ਵਿਚਰਦਾ ਹੈ ਉਹ ਉਸੇ ਤਰ੍ਹਾਂ ਦੀ ਬੋਲੀ ਬੋਲਦਾ ਹੈ।

**ਜੋ ਜੋ ਸੁਣੈ ਕਹੈ ਸੋ ਮੁਕਤਾ**
**ਰਾਮ ਜਪਤ ਸੋਹਾਇ॥੧॥ ਰਹਾਉ॥**

ਜੋ ਵੀ ਰਾਮ ਨਾਮ ਜਪਦਾ ਹੈ, ਸੁਣਦਾ ਹੈ ਉਸ ਨੂੰ ਹਜ਼ੂਰ ਮੁਕਤੀ ਬਖਸ਼ਦੇ ਹਨ ਅਤੇ ਰਾਮ ਉਹਨਾਂ ਦੀ ਸਹਾਇਤਾ ਕਰਦੇ ਹਨ।

**ਜੇ ਵਡ ਭਾਗ ਹੋਵਹਿ ਮੁਖਿ ਮਸਤਕਿ**
**ਹਰਿ ਰਾਮ ਜਨਾ ਭੇਟਾਇ॥**

ਜੀਵ ਦੇ ਉੱਚੇ ਭਾਗ ਹੋਣ ਤਦ ਉਹ ਰਾਮ ਜਨਾ ਦੀ ਸੰਗਤ ਕਰ ਸਕਦਾ ਹੈ। ਜਦੋਂ ਹਨੂੰਮਾਨ ਜੀ ਲੰਕਾ ਵਿੱਚ ਜਾ ਕੇ ਭਭੀਸ਼ਨ ਨੂੰ ਮਿਲੇ। ਭਭੀਸ਼ਨ ਨੇ ਹਨੂੰਮਾਨ ਜੀ ਦੇ ਮੁਖਾਰਬਿੰਦ ਵਿੱਚੋਂ ਰਾਮ ਰਾਮ ਸੁਣਿਆ ਤਾਂ ਉਹ ਖੁਸ਼ ਹੋ ਗਏ ਅਤੇ ਕਿਹਾ ਕਿ

*ਅਬ ਮੁਝੇ ਧੀਰ ਭਇਓ ਹਨੂੰਮੰਤਾ।*
*ਗੁਰ ਬਿਨ ਕੋਈ ਨ ਪਾਵੈ ਪੰਤਾ।*
*ਮਿਲੇ ਸੰਤਾ ਤਾ ਦੁਖ ਕਾ ਹੰਤਾ।*
*ਪੁੰਜ ਪੁੰਨ ਮਿਲੇ ਤਬ ਸੰਤਾ।*

ਅਗਰ ਰਾਮ ਦੇ ਪਿਆਰੇ ਮਿਲ ਗਏ ਹਨ ਤਦ ਹੁਣ ਪਤਾ ਚੱਲ ਜਾਵੇਗਾ ਕਿ ਰਾਮ ਕਿੱਥੇ ਹਨ। ਰਾਮ ਦੇ ਪਿਆਰੇ ਹੀ ਦੱਸ

ਸਕਦੇ ਹਨ ਕਿ ਰਾਮ ਦਾ ਕਿੱਥੇ ਵਾਸਾ ਹੈ, ਰਾਮ ਦੀ ਕੀ ਪਛਾਣ ਹੈ ਅਤੇ ਰਾਮ ਕਿਸ ਤਰ੍ਹਾਂ ਪ੍ਰਾਪਤ ਹੁੰਦੇ ਹਨ ਕਿਉਂਕਿ

*ਕਬੀਰ ਸੁਪਨੈ ਹੂ ਬਰੜਾਇ ਕੈ ਜਿਹ ਮੁਖਿ ਨਿਕਸੈ ਰਾਮੁ॥*
*ਤਾ ਕੇ ਪਗ ਕੀ ਪਾਨਹੀ ਮੇਰੇ ਤਨ ਕੋ ਚਾਮੁ॥*
*(ਅੰਗ 1367)*

ਜਦੋਂ ਜੀਵ ਨੂੰ ਰਾਮ ਦੇ ਪਿਆਰੇ ਮਿਲਦੇ ਹਨ ਤਦ ਸਮਝੋ ਕਿ ਰਾਮ ਦਾ ਮਿਲਾਪ ਅਵੱਸ਼ ਹੋ ਜਾਵੇਗਾ।

**ਦਰਸਨੁ ਸੰਤ ਦੇਹੁ ਕਰਿ ਕਿਰਪਾ**
**ਸਭੁ ਦਾਲਦੁ ਦੁਖੁ ਲਹਿ ਜਾਇ॥੨॥**

ਜਦੋਂ ਸਾਧੂ ਕਿਰਪਾ ਕਰਕੇ ਜੀਵ ਨੂੰ ਦਰਸ਼ਨ ਬਖਸ਼ਦੇ ਹਨ ਤਦ ਸਭ ਤੋਂ ਪਹਿਲਾਂ ਜੀਵ ਦੇ ਅੰਦਰੋਂ ਦਲਿੱਦਰ ਦੂਰ ਹੁੰਦਾ ਹੈ। ਕਿਉਂਕਿ ਅਸੀਂ ਸਮਝਦੇ ਹਾਂ ਕਿ ਦਲਿੱਦਰ ਹੀ ਸਭ ਤੋਂ ਵੱਡਾ ਦੁੱਖ ਹੈ।

*ਸੰਤ ਮਿਲਣ ਸਮ ਸੁਖ ਜੱਗ ਨਾਹੀ।*
*ਨਹੀ ਦਲਿਦਰ ਸਮ ਦੁਖ ਜਗ ਮਾਹੀ।*

ਸੰਤਾਂ ਦੇ ਮਿਲਣ ਤੋਂ ਵੱਡਾ ਸੁਖ ਕੋਈ ਨਹੀਂ ਹੈ ਅਤੇ ਸੰਤਾਂ ਦੇ ਮਿਲਾਪ ਤੋਂ ਬਾਅਦ ਅਗਰ ਜੀਵ ਸਿਮਰਨ ਨਹੀਂ ਕਰਦਾ, ਬੰਦਗੀ ਨਹੀਂ ਕਰਦਾ ਤਦ ਉਸ ਤੋਂ ਵੱਡਾ ਦਲਿੱਦਰ ਅਤੇ ਦੁੱਖ ਕੋਈ ਨਹੀਂ ਹੈ।

**ਹਰਿ ਕੇ ਲੋਗ ਰਾਮ ਜਨ ਨੀਕੇ ਭਾਗਹੀਣ ਨ ਸੁਖਾਇ॥**

ਹਰੀ ਦੇ ਭਗਤ ਬਹੁਤ ਸੁਖ ਪ੍ਰਦਾਨ ਕਰਦੇ ਹਨ ਪਰ ਜੋ ਭਾਗਹੀਣ ਹਨ ਉਹਨਾਂ ਨੂੰ ਉਹ ਅੱਛੇ ਨਹੀਂ ਲੱਗਦੇ।

**ਜਿਉ ਜਿਉ ਰਾਮ ਕਹਹਿ ਜਨ ਊਚੇ**
**ਨਰ ਨਿੰਦਕ ਡੰਸੁ ਲਗਾਇ॥੩॥**

ਜਿਉਂ-ਜਿਉਂ ਤੁਸੀਂ ਸਿਮਰਨ ਕਰਨਾ ਹੈ, ਬੰਦਗੀ ਕਰਨੀ ਹੈ ਜੋ ਕਾਲ ਦੇ ਪਿਆਦੇ ਹਨ ਉਹਨਾਂ ਨੇ ਤੁਹਾਡੇ ਨਾਲ ਈਰਖਾ ਵੀ ਕਰਨੀ ਹੈ, ਤੁਹਾਡੀ ਵਿਰੋਧਤਾ ਵੀ ਕਰਨੀ ਹੈ, ਦਵੈਤ ਵੀ ਕਰਨੀ ਹੈ। ਕਈ ਜੀਵ ਕਹਿੰਦੇ ਹਨ ਕਿ ਅਸੀਂ ਕਿਸੇ ਨੂੰ ਮਾੜਾ ਨਹੀਂ ਕਹਿੰਦੇ ਪਰ ਲੋਕ ਫੇਰ ਵੀ ਸਾਡੇ ਨਾਲ ਈਰਖਾ ਕਰਦੇ ਹਨ। ਪਰ ਕਾਲ ਉਹਨਾਂ ਦੇ ਪਿੱਛੇ ਆਪਣੇ ਪਿਆਦੇ ਲਗਾ ਦਿੰਦਾ ਹੈ ਕਿ ਇਹਨਾਂ ਨੂੰ ਕਿਸੇ ਤਰ੍ਹਾਂ ਭਗਤੀ ਤੋਂ ਡੇਗੋ। ਜੋ ਵਿਰੋਧਤਾ ਹੁੰਦੀ ਹੈ ਉਹ ਭਲੇ ਲਈ ਹੀ ਹੁੰਦੀ ਹੈ। ਕਿਉਂਕਿ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਦੇ ਜੋ ਸਿੱਖ ਹਨ ਉਹਨਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਦੋਂ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੂੰ ਪੁੱਛਿਆ ਗਿਆ ਕਿ ਸਾਡੀ ਵਿਰੋਧਤਾ ਜਾਂ ਖਿਲਾਫ਼ਤ ਕਿਉਂ ਹੋ ਰਹੀ ਹੈ? ਹਜ਼ੂਰ ਦਸਵੇਂ ਪਾਤਿਸ਼ਾਹ ਫਾਰਸੀ ਦੇ ਆਲਮ ਫਾਜਿਲ ਸਨ ਉਹਨਾਂ ਨੇ ਫੁਰਮਾਇਆ ਕਿ

*ਬਾਦ-ਏ ਮੁਖਾਲਫ਼ ਸੇ ਮਤ ਘਬਰਾ ਐ ਉਕਾਬ।*
*ਵੋਹ ਤੋ ਚਲਤੀ ਹੈ ਤੁਝੇ ਊਂਚਾ ਉਠਾਨੇ ਕੇ ਲੀਏ।*

ਉਕਾਬ ਬਾਜ਼ ਨੂੰ ਕਹਿੰਦੇ ਹਨ। ਜਿੰਨੀ ਉਲਟ ਹਵਾ ਹੋਵੇ, ਬਾਜ ਓਨਾ ਉੱਚਾ ਉੱਡਦਾ ਹੈ, ਜਹਾਜ ਵੀ ਜਿੰਨੀ ਉਲਟ ਹਵਾ ਵਿੱਚ ਉਡਾਨ ਭਰੇਗਾ ਓਨਾ ਉੱਚਾ ਉਡੇਗਾ। ਇਸੇ ਤਰ੍ਹਾਂ ਜਿਸ ਇਨਸਾਨ ਦੀ ਵਿਰੋਧਤਾ ਨਹੀਂ ਹੁੰਦੀ ਉਹ ਗਾਫ਼ਲ ਹੋ ਕੇ ਮਾਰ ਖਾ ਜਾਵੇਗਾ ਅਤੇ ਗਲਤੀ ਕਰਕੇ ਫਸ ਜਾਵੇਗਾ। ਜਿੰਨੀ ਜਿਆਦਾ ਵਿਰੋਧਤਾ ਹੋਵੇਗੀ ਜੀਵ ਚੁਕੰਨਾ ਰਹੇਗਾ ਅਤੇ ਓਨਾ ਜ਼ਿਆਦਾ ਮਹਿਫੂਜ਼ ਰਹੇਗਾ, ਬਚਿਆ ਰਹੇਗਾ। ਸੋਈ ਜੋ ਰਾਮ ਭਗਤ ਹਨ ਉਹਨਾਂ ਨੇ ਆਪਣੇ ਚਾਰ ਚੁਫੇਰੇ ਜਿਸ ਤਰ੍ਹਾਂ ਸੁਆਮੀ ਜੀ ਨੇ ਫੁਰਮਾਇਆ ਹੈ ਕਿ

*ਸੰਤਨ ਨਿੰਦਾ ਪਹਿਰੇਦਾਰ ਬਿਠਾਈ।*
*ਕੋਊ ਜੀਵ ਧਸਨੇ ਨ ਪਾਈ।*

ਹਜ਼ੂਰ ਕਬੀਰ ਸਾਹਿਬ ਜੀ ਫੁਰਮਾਨ ਕਰਦੇ ਹਨ ਕਿ

*ਨਿੰਦਉ ਨਿੰਦਉ ਮੋਕਉ ਲੋਗੁ ਨਿੰਦਉ॥*
*ਨਿੰਦਾ ਜਨ ਕਉ ਖਰੀ ਪਿਆਰੀ॥*
*ਨਿੰਦਾ ਬਾਪੁ ਨਿੰਦਾ ਮਹਤਾਰੀ॥ (ਅੰਗ 339)*

ਤਥਾ

*ਕਬੀਰ ਨਿੰਦਕ ਹਮਰਾ ਨ ਮਰੇ ਜੀਵੇ ਆਦਿ ਜੁਗਾਦਿ॥*
*ਹਮਨੇ ਸਤਿਗੁਰ ਪਾਇਆ ਨਿੰਦਕ ਕੇ ਪਰਤਾਪਿ॥*

ਤਥਾ

*ਨਿੰਦਕ ਕੋ ਹਮ ਨੇੜੇ ਰਾਖੈਂ*

ਨਿੰਦਕ ਸਾਧੂਆਂ ਦੀ ਮੈਲ ਧੋਂਦੇ ਹਨ। ਇਸ ਕਰਕੇ ਸਾਧੂਆਂ ਨੇ ਨਿੰਦਿਆ ਨੇੜੇ ਰੱਖੀ ਹੁੰਦੀ ਹੈ ਕਿ ਕੋਈ ਆਮ ਜੀਵ ਉੱਥੇ ਆ ਨਾ ਜਾਣ।

**ਧ੍ਰਿਗੁ ਧ੍ਰਿਗੁ ਨਰ ਨਿੰਦਕ ਜਿਨ ਜਨ ਨਹੀ ਭਾਏ**
**ਹਰਿ ਕੇ ਸਖਾ ਸਖਾਇ॥**

ਉਹ ਨਿੰਦਕ ਬਹੁਤ ਲਾਹਣਤੀ ਹੁੰਦੇ ਹਨ ਜਿਹਨਾਂ ਨੂੰ ਹਰੀ ਦੀ ਕਥਾ ਅੱਛੀ ਨਹੀਂ ਲੱਗਦੀ ਕਿਉਂਕਿ

*ਸੰਤ ਕਾ ਨਿੰਦਕੁ ਮਹਾ ਹਤਿਆਰਾ॥*
*ਸੰਤ ਦਾ ਨਿੰਦਕੁ ਪਰਮੇਸੁਰਿ ਮਾਰਾ॥ (ਅੰਗ 280)*

ਤਥਾ

*ਸੰਤ ਦਾ ਨਿੰਦਕੁ ਮਹਾ ਅਤਤਾਈ॥*
*ਸੰਤ ਦਾ ਨਿੰਦਕੁ ਖਿਨੁ ਟਿਕਨੁ ਨ ਪਾਈ॥ (ਅੰਗ 280)*

ਤਥਾ

*ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ॥*
*ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ॥੧॥*
*(ਅੰਗ 279)*

ਤਥਾ

*ਸੰਤ ਕਾ ਨਿੰਦਕੁ ਰਾਜ ਤੇ ਹੀਨੁ॥*
*ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ॥ (ਅੰਗ 280)*

ਸੰਤਾਂ ਦੀ ਨਿੰਦਿਆ ਕਰਨ ਵਾਲੇ ਦਾ ਰਾਜ ਭਾਗ ਜਾਂਦਾ

ਰਹਿੰਦਾ ਹੈ। ਜੋ ਸੰਤਾਂ ਦੀ ਨਿੰਦਿਆ ਕਰਦੇ ਹਨ ਉਹਨਾਂ ਦਾ ਜਿਉਣਾ ਧ੍ਰਿਗ ਹੈ ਅਤੇ ਉਹ ਬਹੁਤ ਮੰਦ ਭਾਗੇ ਹਨ।

**ਸੇ ਹਰਿ ਕੇ ਚੋਰ ਵੇਮੁਖ ਮੁਖ ਕਾਲੇ**

**ਜਿਨ ਗੁਰ ਕੀ ਪੈਜ ਨ ਭਾਇ॥੪॥**

ਜੋ ਗੁਰੂ ਦੀ ਸ਼ਰਨ ਵਿੱਚ ਨਹੀਂ ਆਉਂਦੇ ਉਹ ਚੋਰ ਹਨ। ਜਿਸ ਤਰ੍ਹਾਂ ਚੋਰਾਂ ਨਾਲ ਸਾਰੀ ਦੁਨੀਆਂ ਨਫ਼ਰਤ ਕਰਦੀ ਹੈ ਇਸ ਤਰ੍ਹਾਂ ਦਰਗਾਹ ਵਿੱਚ ਨਿੰਦਾ ਕਰਨ ਵਾਲੇ ਜੀਵਾਂ ਦੀ ਤੋਇ ਤੋਇ ਹੁੰਦੀ ਹੈ।

**ਦਇਆ ਦਇਆ ਕਰਿ ਰਾਖਹੁ ਹਰਿ ਜੀਉ**

**ਹਮ ਦੀਨ ਤੇਰੀ ਸਰਣਾਇ॥**

ਮਾਲਿਕ ਕੋਲ ਬੇਨਤੀ ਕਰੋ ਕਿ ਹਜ਼ੂਰ ਅਸੀਂ ਨਿਮਾਣੇ ਜਿਹੇ ਜੀਵ ਹਾਂ, ਦੀਨ ਹਾਂ। ਦਇਆ ਕਰਕੇ ਸਾਨੂੰ ਆਪਣੀ ਸ਼ਰਨ ਵਿਚ ਜ਼ਰੂਰ ਰੱਖੋ।

**ਹਮ ਬਾਰਿਕ ਤੁਮ ਪਿਤਾ ਪ੍ਰਭ ਮੇਰੇ**

**ਜਨ ਨਾਨਕ ਬਖਸਿ ਮਿਲਾਏ॥੫॥੨॥**

ਸੱਚੇ ਪਾਤਿਸ਼ਾਹੋ! ਜਿਸ ਤਰ੍ਹਾਂ ਮਾਂ ਬਾਪ ਬੱਚਿਆਂ ਦੀਆਂ ਗਲਤੀਆਂ ਨਹੀਂ ਦੇਖਦੇ। ਇਸ ਤਰ੍ਹਾਂ ਮੇਰੀਆਂ ਗਲਤੀਆਂ ਮੁਆਫ਼ ਕਰਕੇ ਮੈਨੂੰ ਬਖਸ਼ ਦਿਉ। ਜੀਵ ਨੂੰ ਇਸ ਤਰ੍ਹਾਂ ਦੀਆਂ ਫਰਿਆਦਾਂ ਜੋਦੜੀਆਂ ਕਰਦੇ ਰਹਿਣਾ ਚਾਹੀਦਾ ਹੈ।

ਸੋਈ ਹਜ਼ੂਰ ਕਿਰਪਾ ਕਰਨ। ਐੱਸ.ਜੀ.ਐੱਲ. ਜਨ ਸੇਵਾ ਕੇਂਦਰ ਗੜ੍ਹਾ, ਜਲੰਧਰ ਨਾਲ ਸੰਬੰਧਿਤ ਅਮਰੀਕਾ, ਜਰਮਨੀ, ਟਰਾਂਟੋ (ਕਨੇਡਾ) ਦੀ ਸੰਗਤ, ਭਾਈ ਗੁਰਮੀਤ ਸਿੰਘ ਵਾਸੀ ਯੂ.ਕੇ. ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੇ ਮਿਲ ਕੇ ਪੂਰਨ ਸੰਤ ਸਤਿਗੁਰੂ ਬਾਬਾ ਬੱਗਾ ਸਿੰਘ ਜੀ ਦੇ 146ਵੇਂ ਪਾਵਨ ਅਵਤਾਰ ਦਿਵਸ ਦੀਆਂ ਖੁਸ਼ੀਆਂ ਲੈਂਦੇ ਹੋਏ ਅਖੰਡ ਪਾਠ ਕਰਵਾ ਕੇ ਆਏ ਹੁਕਮਨਾਮੇ ਉੱਪਰ ਯਸ਼ ਕਰਵਾਇਆ ਹੈ। ਹਜ਼ੂਰ ਕਿਰਪਾ ਕਰਨ। ਜਿਸ ਵੀ ਸ਼ੁਭ ਭਾਵਨਾ ਨੂੰ ਮੁੱਖ ਰੱਖ ਕੇ ਸਾਰੀ ਸੰਗਤ ਸਤਿਸੰਗ ਕਰਵਾ ਰਹੀ ਹੈ ਹਜ਼ੂਰ ਸਭਨਾਂ ਦੀਆਂ ਸ਼ੁਭ ਭਾਵਨਾਵਾਂ ਪੂਰੀਆਂ ਕਰਨ। ਹਜ਼ੂਰ ਦੀ ਵਡਿਆਈ ਹੈ ਜੋ ਵੀ ਪ੍ਰਾਣੀ ਇੱਥੇ ਸਤਿਸੰਗ ਸੁਣਨ ਆਏ ਹਨ ਜਾਂ ਦੇਸ਼ ਵਿਦੇਸ਼ ਵਿੱਚੋਂ ਨਹੀਂ ਵੀ ਆ ਸਕੇ ਹਜ਼ੂਰ ਸਭ ਦੀਆਂ ਹਾਜ਼ਰੀਆਂ ਕਬੂਲ ਕਰਕੇ ਸਾਰੇ ਪਰਿਵਾਰਾਂ ਵਿੱਚ ਖੁਸ਼ੀਆਂ, ਖੇੜੇ, ਇਤਿਫਾਕ, ਚੜ੍ਹਦੀ ਕਲਾ, ਨਾਮ ਦੀ ਦਾਤ ਬਖਸ਼ਦੇ ਹੋਇਆਂ ਹਜ਼ੂਰ ਨੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ। ਫੇਰ ਆਈ ਸੰਗਤ ਨੂੰ ਹਜ਼ੂਰ ਬਾਬਾ ਬੱਗਾ ਸਿੰਘ ਜੀ ਦੇ 146ਵੇਂ ਅਵਤਾਰ ਦਿਵਸ ਦੀ ਲੱਖ-ਲੱਖ ਵਧਾਈ ਹੋਵੇ। ਹਜ਼ੂਰ ਕਿਰਪਾ ਕਰਕੇ ਦੁੱਖਾਂ ਕਲੇਸ਼ਾਂ ਦਾ ਨਾਸ਼ ਕਰਨ ਅਤੇ ਸੁੱਖਾਂ, ਖੁਸ਼ੀਆਂ, ਖੇੜਿਆਂ ਦਾ ਪ੍ਰਵੇਸ਼ ਕਰਕੇ ਸੰਗਤ ਨੂੰ ਚੜ੍ਹਦੀ ਕਲਾ ਬਖ਼ਸ਼ਣ।

# ਸਤਿਸੰਗ

**ਟੋਡੀ ਬਾਣੀ ਭਗਤਾ ਕੀ ੴ ਸਤਿਗੁਰ ਪ੍ਰਸਾਦਿ॥**

**ੴ ਸਤਿਗੁਰ ਪ੍ਰਸਾਦਿ॥** (ਅੰਗ 718)

**ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ॥**

**ਜਲ ਕੀ ਮਾਛੁਲੀ ਚਰੈ ਖਜੂਰਿ॥੧॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਸੰਤ ਨਾਮਦੇਵ ਜੀ ਮਹਾਰਾਜ ਪੂਰਨ ਸੰਤ ਸਤਿਗੁਰੂ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਐ ਦੁਨੀਆ ਵਾਲਿਓ! ਆਪਾਂ ਲੋਕਾਂ ਤੋਂ ਸੁਣਦੇ ਹਾਂ ਕਿ ਕੋਈ ਕਹਿੰਦਾ ਹੈ ਕਿ ਮਾਲਿਕ ਦੂਰ ਰਹਿੰਦੇ ਹਨ ਕੋਈ ਕਹਿੰਦਾ ਹੈ ਮਾਲਿਕ ਚੌਵੀ ਘੰਟੇ ਨਾਲ ਰਹਿੰਦੇ ਹਨ। ਹੁਣ ਜਿਹਨਾਂ ਨੂੰ ਮਾਲਿਕ ਦਰਸ਼ਨ ਬਖਸ਼ਦੇ ਹਨ ਉਹ ਕਹਿੰਦੇ ਹਨ ਕਿ ਮਾਲਿਕ ਮੇਰੇ ਨਾਲ ਹਨ। ਜਿਹਨਾਂ ਨੂੰ ਦਰਸ਼ਨ ਨਹੀਂ ਹੁੰਦੇ ਉਹ ਕਹਿੰਦੇ ਹਨ ਕਿ ਮਾਲਿਕ ਹੈ ਹੀ ਨਹੀਂ ਹਨ। ਜਿਸ ਤਰ੍ਹਾਂ ਕਾਮਰੇਡ ਕਹਿੰਦੇ ਹਨ ਕਿ ਰੱਬ ਨਹੀਂ ਹੈ। ਸੋਈ ਵੱਖਰੇ-ਵੱਖਰੇ ਵਿਚਾਰ ਹਨ। ਜਿਸ ਤਰ੍ਹਾਂ ਕਿਸੇ ਨੂੰ ਕਿਹਾ ਜਾਵੇ ਕਿ ਪਾਣੀ ਦੀ ਮੱਛੀ ਖਜੂਰ ਉੱਪਰ ਰਹਿੰਦੀ ਹੈ ਤਦ ਕੋਈ ਮੰਨਣ ਲਈ ਤਿਆਰ ਨਹੀਂ ਹੁੰਦਾ। ਕੋਈ ਵਿਸ਼ਵਾਸ ਨਹੀਂ ਕਰ ਸਕਦਾ ਕਿਉਂਕਿ ਖਜੂਰ ਉੱਪਰ ਪਾਣੀ ਨਹੀਂ ਹੁੰਦਾ ਫੇਰ ਖਜੂਰ ਉੱਪਰ ਮੱਛੀ ਕਿਵੇਂ ਰਹਿ ਸਕਦੀ ਹੈ। ਇਹ ਗੈਬੀ ਭੇਦ ਹੈ ਇਸ ਦਾ ਜਾਨਣਾ ਬਹੁਤ ਹੀ ਕਠਿਨ ਹੈ।

ਹੁਣ ਉਹ ਮਹਾਤਮਾ ਜਾਂ ਸੰਤ ਜੋ ਆਪਣੇ ਆਪ ਨੂੰ ਦੇਵੀ ਅਖਵਾਉਂਦੇ ਹਨ। ਉਸ ਦੇ ਦੁਆਲੇ ਦੁਨੀਆਂ ਦੇ ਡਾਕਟਰ ਅਤੇ ਸਾਰੇ ਕੈਮਰੇ ਲਾਏ ਹੋਏ ਹਨ ਕਿਤੇ ਇਸ ਨੂੰ ਪਾਣੀ ਪੀਂਦਿਆਂ ਜਾਂ ਕੁਝ ਖਾਂਦਿਆਂ ਫੜ ਸਕੀਏ। ਅਸੀਂ ਇਹ ਸਭ ਟੀ.ਵੀ. ਉੱਪਰ ਦੇਖਿਆ ਹੈ। ਅਸੀਂ ਸ੍ਰੀ ਮਦ ਭਾਗਵਤ ਰਮਾਇਣ ਜਾਂ ਵੇਦਾਂ ਸ਼ਾਸਤਰਾਂ ਵਿੱਚ ਜੋ ਪੜ੍ਹਿਆ ਹੈ ਉਸ ਕਾਰਨ ਸਾਨੂੰ ਯਕੀਨ ਆ ਗਿਆ ਹੈ। ਕਿਉਂਕਿ ਵਿਸ਼ਵਾਮਿੱਤਰ ਜੀ ਨੇ ਸੱਠ ਹਜਾਰ ਸਾਲ ਤਪੱਸਿਆ ਕੀਤੀ ਸੀ। ਬਿਆਸ ਰਿਸ਼ੀ ਨੇ ਰੋਹਤਾਂਗ ਪਾਸ ਜਿੱਥੋਂ ਬਿਆਸ ਦਰਿਆ ਨਿਕਲਦਾ ਹੈ ਉੱਥੇ ਇੱਕ ਜਗ੍ਹਾ ਬੈਠ ਕੇ ਅੱਸੀ ਹਜਾਰ ਸਾਲ ਤਪੱਸਿਆ ਕੀਤੀ ਸੀ। ਵਸ਼ਿਸ਼ਟ ਜੀ ਜੋ ਸ੍ਰੀ ਰਾਮ ਚੰਦਰ ਜੀ ਦੇ ਸਤਿਗੁਰ ਸਨ ਉਹਨਾਂ ਨੇ ਅਠਾਸੀ ਹਜਾਰ ਸਾਲ ਵਸ਼ਿਸ਼ਟ ਕੁਟੀਆ ਵਿੱਚ ਬੈਠ ਕੇ ਸਿਮਰਨ ਕੀਤਾ ਸੀ। ਵਸ਼ਿਸ਼ਟ ਕੁਟੀਆ ਗੁਰਦੁਆਰਾ ਮਨੀਕਰਨ ਸਾਹਿਬ ਤੋਂ ਉੱਪਰ ਹੈ। ਉੱਥੇ ਸ੍ਰੀ ਗੁਰੂ ਨਾਨਕ ਦੇਵ ਜੀ, ਸ਼ਿਵ ਜੀ ਮਹਾਰਾਜ,

ਮਾਤਾ ਪਾਰਬਤੀ ਜੀ ਵੀ ਗਏ ਸਨ। ਤੁਹਾਡੇ ਵਿੱਚੋਂ ਵੀ ਬਹੁਤ ਸਾਰੀ ਸੰਗਤ ਉੱਥੋਂ ਦੇ ਦਰਸ਼ਨ ਕਰਕੇ ਆਈ ਹੋਵੇਗੀ। ਅਸੀਂ ਵੇਦਾਂ ਸ਼ਾਸਤਰਾਂ ਅਤੇ ਸ੍ਰੀ ਮਦ ਭਾਗਵਤ ਰਮਾਇਣ ਵਿੱਚ ਪੜ੍ਹਿਆ ਹੈ ਕਿ ਜੀਵ ਦੇ ਅੰਦਰ ਇੱਕ ਕੁੰਡਲੀ ਪੈਦਾ ਹੁੰਦੀ ਹੈ। ਕੁੰਡਲੀ ਭਾਵ ਜਦੋਂ ਜੀਵ ਤਪੱਸਿਆ ਕਰਦਾ ਹੈ, ਤਪੱਸਿਆ ਕਰਦਿਆਂ ਕਰਦਿਆਂ ਮਸਤਕ ਉੱਪਰ ਸੰਤਾਂ ਦੇ ਦਰਸ਼ਨ ਕੀਤਿਆਂ ਬਖਸ਼ਿਸ਼ ਹੁੰਦੀ ਹੈ। ਪਰ ਉਹ ਬਖਸ਼ਿਸ਼ ਸੰਤਾਂ ਦੇ ਚਰਨਾਂ ਉੱਪਰ ਸਿਰ ਝੁਕਣ ਨਾਲ ਹੁੰਦੀ ਹੈ। ਗੁਰਬਾਣੀ ਵਿੱਚ ਦਰਜ ਹੈ ਕਿ

*ਦਾਸ ਤੇਰੇ ਕੀ ਬੇਨਤੀ ਰਿਦ ਕਰਿ ਪਰਗਾਸੁ॥*
*ਤੁਮ੍ਰੀ ਕ੍ਰਿਪਾ ਤੇ ਪਾਰਬ੍ਰਹਮ ਦੋਖਨ ਕੋ ਨਾਸੁ॥ (ਅੰਗ 818)*

ਤਥਾ

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*
*(ਅੰਗ 441)*

ਜਦੋਂ ਜੀਵ ਨਿਰਪੱਖ, ਨਿਰਭੈ, ਨਿਸ਼ਕਾਮ, ਕਿਸੇ ਲਾਲਚ ਤੋਂ ਬਗੈਰ ਭਗਤੀ ਕਰਦਾ ਹੈ ਤਦ ਇਨਸਾਨ ਦੇ ਸਰੀਰ ਵਿੱਚ ਪੈਰਾਂ ਤੋਂ ਇੱਕ ਸ਼ਕਤੀ ਸ਼ੁਰੂ ਹੋ ਕੇ ਆਹਿਸਤਾ-ਆਹਿਸਤਾ ਸਾਰੇ ਸਰੀਰ ਵਿੱਚ ਪਹੁੰਚ ਕੇ ਇੱਕ ਲਾਈਟ ਬਣ ਜਾਂਦੀ ਹੈ। ਅਗਰ ਕਿਸੇ ਨੂੰ ਸਾਖਿਆਤ ਉਸ ਲਾਈਟ ਦੇ ਦਰਸ਼ਨ ਵੀ ਹੋ ਜਾਣ ਉਹ ਜਿੰਨੇ ਦਿਨ ਗ੍ਰਿਹਸਤ ਨਾ ਭੋਗੇ, ਪਾਣੀ ਨਾ ਪੀਵੇ, ਰੋਟੀ ਨਾ ਖਾਵੇ ਉਸ ਨੂੰ ਤ੍ਰੇਹ ਜਾਂ ਭੁੱਖ ਨਹੀਂ ਲੱਗਦੀ। ਨਾ ਹੀ ਮਲ ਮੂਤਰ ਤਿਆਗਣ ਦੀ ਲੋੜ ਪੈਂਦੀ ਹੈ। ਅਗਰ ਉਹ ਇਸ ਤਰ੍ਹਾਂ ਨਿਸ਼ਕਾਮ ਹੋ ਕੇ ਅੰਦਰ ਮਾਲਿਕ ਦੇ ਦਰਸ਼ਨ ਕਰ ਲੈਂਦਾ ਹੈ ਤਦ ਉਸ ਦੇ ਅੰਦਰ ਇੱਕ ਕੁੰਡਲੀ ਬਣ ਜਾਂਦੀ ਹੈ। ਉਹ ਕੁੰਡਲੀ ਪੈਰਾਂ ਤੋਂ ਲੈ ਕੇ ਸਾਰੇ ਸਰੀਰ ਵਿੱਚ ਹੁੰਦੀ ਹੋਈ ਮਸਤਕ ਤੱਕ ਪਹੁੰਚ ਜਾਂਦੀ ਹੈ। ਫੇਰ ਉਸ ਸਰੀਰ ਉਪਰ ਕੋਈ ਬੁਰਾ ਅਸਰ ਨਹੀਂ ਹੁੰਦਾ। ਵਸ਼ਿਸ਼ਟ ਜੀ ਨੇ ਅਠਾਸੀ ਹਜਾਰ ਸਾਲ ਇੱਕ ਜਗ੍ਹਾ ਬੈਠ ਕੇ ਸਿਮਰਨ ਕੀਤਾ ਸੀ। ਜਦੋਂ ਜੱਗ ਹੋਇਆ ਤਦ ਸ੍ਰੀ ਰਾਮ ਚੰਦਰ ਜੀ ਮਹਾਰਾਜ ਨੇ ਆਪਣੇ ਸਤਿਗੁਰ ਨੂੰ ਉਸ ਜੱਗ ਵਿੱਚ ਸ਼ਾਮਿਲ ਕਰਾਉਣ ਵਾਸਤੇ ਪ੍ਰੇਰਨਾ ਦੇ ਕੇ ਉੱਥੋਂ ਲੈ ਕੇ ਆਏ ਸੀ ਵਰਨਾ ਉਹ ਅਠਾਸੀ ਹਜਾਰ ਸਾਲ ਇੱਕ ਜਗ੍ਹਾ ਬੈਠ ਕੇ ਤਪੱਸਿਆ ਕਰਦੇ ਰਹੇ ਸਨ। ਸੋਈ ਸ਼ਬਦ ਵਿੱਚ ਐਨੀ ਸ਼ਕਤੀ ਹੈ। ਉਸੇ ਸ਼ਬਦ ਨੂੰ ਅੰਗਰੇਜ Divine light Divine force ਕਹਿੰਦੇ ਹਨ ਭਾਵ ਉਹ ਗੈਬੀ ਸ਼ਕਤੀ ਹੈ। ਅਸੀਂ ਉਸ ਨੂੰ ਜੋਤ ਕਹਿੰਦੇ ਹਾਂ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ

*ਏਕੁ ਅਚੰਭਉ ਸੁਨਹੁ ਤੁਮ੍ ਭਾਈ॥........*
*ਜਲ ਦੀ ਮਛੁਲੀ ਤਰਵਰਿ ਬਿਆਈ॥ (ਅੰਗ 481)*

ਤਰਵਰ ਦਰੱਖਤ ਨੂੰ ਕਹਿੰਦੇ ਹਨ। ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਵੀ ਦਰਜ ਹੈ ਕਿ ਦੱਸੋ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਮੱਛੀ ਦਰੱਖਤ ਉੱਪਰ ਰਹੇ। ਇੱਥੇ ਵੀ ਸੰਤ ਨਾਮਦੇਵ ਜੀ ਫੁਰਮਾਨ ਕਰ ਰਹੇ ਹਨ ਕੀ ਇਹ ਵਿਸ਼ਵਾਸ ਆ ਸਕਦਾ ਹੈ ਕਿ ਮੱਛੀ ਖਜੂਰ ਉੱਪਰ ਰਹੇ? ਕਿਉਂਕਿ ਬਤਾਲੀ ਲੱਖ ਜੂਨੀਆਂ ਪਾਣੀ ਵਿੱਚ ਹਨ ਅਤੇ ਬਤਾਲੀ ਲੱਖ ਜੂਨੀਆਂ ਖੁਸ਼ਕੀ ਵਿੱਚ ਹਨ। ਪਾਣੀ ਵਾਲੀਆਂ ਜੂਨੀਆਂ ਵਿੱਚ ਇੱਕ ਐਸੀ ਮੱਛੀ ਹੈ ਜੋ ਕਿ ਇਸਤਰੀ ਵਰਗੀ ਹੈ। ਉਸ ਦੇ ਸਾਰੇ ਅੰਗ, ਸਭ ਕੁਝ ਇਸਤਰੀ ਦੇ ਅਨੁਕੂਲ ਹੈ। ਪਰ ਉਹ ਪਾਣੀ ਵਿੱਚ ਰਹਿੰਦੀ ਹੈ, ਪਾਣੀ ਨਾਲ ਮਰਦੀ ਨਹੀਂ ਹੈ। ਉਸ ਇਸਤਰੀ ਨੇ ਸ੍ਰੀ ਰਾਮ ਚੰਦਰ ਜੀ ਮਹਾਰਾਜ ਨਾਲ ਗ੍ਰਿਹਸਤ ਭੋਗਣ ਦੀ ਅਭਿਲਾਸ਼ਾ ਜਾਹਿਰ ਕੀਤੀ ਸੀ। ਉਸ ਨੂੰ ਸ੍ਰੀ ਰਾਮ ਚੰਦਰ ਜੀ ਨੇ ਸਰਾਪ ਦਿੱਤਾ ਸੀ ਕਿ ਤੂੰ ਮੇਰਾ ਇਸ਼ਟ ਭੰਗ ਕਰਨ ਦੀ ਕੋਸ਼ਿਸ਼ ਕੀਤੀ ਹੈ ਇਸ ਕਰਕੇ ਤੂੰ ਹੁਣ ਪਾਣੀ ਤੋਂ ਬਾਹਰ ਨਾ ਆ। ਤੂੰ ਪਾਣੀ ਵਿੱਚ ਹੀ ਰਹੇਂਗੀ। ਅਤੇ ਤੂੰ ਆਪਣਾ ਚਿਹਰਾ ਨਹੀਂ ਦਿਖਾਵੇਗੀ। ਉਹ ਜੋ ਇਸਤਰੀ ਨੁਮਾ ਮੱਛੀ ਹੈ ਉਸ ਵਿੱਚ ਵੀ ਕੁਦਰਤ ਦੀ ਐਨੀ ਸ਼ਕਤੀ ਹੈ ਕਿ ਅਗਰ ਮੱਛੀ ਵੀ ਪਾਣੀ ਵਿੱਚ ਰਹਿ ਕੇ ਤਪੱਸਿਆ ਕਰਦੀ ਹੈ ਤਦ ਉਸ ਮੱਛੀ ਵਿੱਚ ਵੀ ਐਨੀ ਸ਼ਕਤੀ ਆ ਜਾਂਦੀ ਹੈ ਕਿ ਉਹ ਫੇਰ ਪਾਣੀ ਤੋਂ ਬਗੈਰ ਵੀ ਜੀਵਿਤ ਰਹਿ ਸਕਦੀ ਹੈ। ਇਹ ਭੇਦ ਦੁਨੀਆਂ ਦਾ ਕੋਈ ਸਾਇੰਸਦਾਨ ਵੀ ਨਹੀਂ ਦੱਸ ਸਕਦਾ। ਅਗਰ ਅਸੀਂ ਭੇਦ ਦੱਸ ਰਹੇ ਹਾਂ ਤਦ ਇਸ ਵਿੱਚ ਸਾਡੀ ਕੋਈ ਅਕਲ ਨਹੀਂ ਹੈ ਕਿ ਅਸੀਂ ਭੇਦ ਦੱਸ ਸਕੀਏ। ਇਸ ਸਲੋਕ ਦੇ ਪੜ੍ਹਨ ਤੋਂ ਪਹਿਲਾਂ ਹਜ਼ੂਰ ਨੇ ਯਸ਼ ਕਰਦਿਆਂ-ਕਰਦਿਆਂ ਅੰਦਰ ਇਹ ਗਿਆਨ ਦਿੱਤਾ ਕਿ ਤੂੰ ਆਹ ਬਚਨ ਬੋਲ ਦੇ। ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਬੈਠ ਕੇ ਤੁਹਾਨੂੰ ਵਿਸ਼ਵਾਸ ਦੁਆਉਂਦੇ ਹਾਂ ਕਿ ਅਗਰ ਅਸੀਂ ਝੂਠ ਬੋਲੀਏ ਤਦ ਸਾਡਾ ਕੋਈ ਥਾਂ ਨਹੀਂ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਨਿਸ਼ਚੇ ਰੱਖੋ ਜਿੰਨੇ ਵੀ ਜੀਵ ਜੰਤੂ ਹਨ ਉਹ ਮਾਲਿਕ ਦੀ ਅਰਾਧਨਾ ਕਰਕੇ ਲਾਈਟ ਵਿੱਚ ਸਮਾ ਜਾਂਦੇ ਹਨ। ਫੇਰ ਉਹ ਚਾਹੇ ਮੱਛੀ ਹੋਵੇ ਉਹ ਖਜੂਰ ਉੱਪਰ ਰਹਿ ਕੇ ਜੀਵਿਤ ਰਹਿ ਸਕਦੀ ਹੈ। ਐਸਾ ਗਿਆਨ ਤੁਹਾਨੂੰ ਹੋਰ ਕਿਤਿਉਂ ਵੀ ਪਤਾ ਨਹੀਂ ਚੱਲ ਸਕਦਾ। ਅਸੀਂ ਵੀ ਤੁਹਾਨੂੰ ਦੱਸ ਚੁੱਕੇ ਹਾਂ ਕਿ ਇਸ ਦੁਨੀਆਂ ਤੋਂ ਤੇਰ੍ਹਾਂ ਰਸਤੇ ਐਸੇ ਹਨ ਜੋ ਪਤਾਲ ਨੂੰ ਜਾਂਦੇ ਹਨ ਅਤੇ ਇਸੇ ਤਰ੍ਹਾਂ ਦੇ ਰਸਤੇ ਅਸਮਾਨ ਨੂੰ ਵੀ ਜਾਂਦੇ ਹਨ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਨ ਕੀਤਾ ਹੈ ਕਿ

*ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥ (ਅੰਗ 5)*

ਇਸ ਤਰ੍ਹਾਂ ਦੇ ਲੱਖਾਂ ਪਾਤਾਲ ਥੱਲੇ ਹਨ।

ਅਤੇ ਇਸ ਤਰ੍ਹਾਂ ਦੇ ਲੱਖਾਂ ਅਕਾਸ਼ ਉੱਪਰ ਹਨ।

*ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥*
*(ਅੰਗ 5)*

ਵੇਦ ਰਚਣ ਵਾਲੇ ਵੀ ਉਸ ਨੂੰ ਭਾਲਦੇ ਥੱਕ ਕੇ ਚਲੇ ਗਏ ਪਰ ਕਿਸੇ ਨੂੰ ਇਹ ਭੇਦ ਪਤਾ ਨਹੀਂ ਚੱਲਿਆ। ਸਭ ਤੋਂ ਜ਼ਿਆਦਾ ਪੜ੍ਹਾਈ ਪੀ.ਐਚ.ਡੀ. ਦੀ ਡਿਗਰੀ ਹੈ। ਪਰ ਪੀ.ਐਚ.ਡੀ. ਕਰ ਲੈਣ ਵਾਲੇ ਵੀ ਇਹ ਨਹੀਂ ਦੱਸ ਸਕਦੇ ਕਿ ਮੱਛੀ ਦਰੱਖਤ ਉੱਪਰ ਕਿਵੇਂ ਰਹਿ ਸਕਦੀ ਹੈ। ਪਰ ਗੁਰਬਾਣੀ ਦੇ ਜੋ ਬਚਨ ਹਨ।

*ਗੁਰ ਕਾ ਬਚਨ ਸਤਿ ਸਤਿ ਕਰਿ ਮਾਨੇ*

*ਮੇਰੇ ਠਾਕੁਰ ਬਹੁਤੁ ਪਿਆਰੇ ॥੬॥ (ਅੰਗ 982)*

ਅਗਰ ਅਸੀਂ ਵੀ ਬੋਲ ਰਹੇ ਹਾਂ ਉਹ ਹਜ਼ੂਰ ਹੀ ਬੁਲਾ ਰਹੇ ਹਨ। ਸੋਈ ਕੋਈ ਕਹਿੰਦਾ ਹੈ ਕਿ ਰੱਬ ਨੇੜੇ ਹੈ ਕੋਈ ਕਹਿੰਦਾ ਹੈ ਰੱਬ ਦੂਰ ਹੈ। ਇਹ ਇਸ ਤਰ੍ਹਾਂ ਦੀ ਬੁਝਾਰਤ ਹੈ ਜਿਸ ਤਰ੍ਹਾਂ ਅਗਰ ਕੋਈ ਕਹਿੰਦਾ ਹੈ ਕਿ ਮੈਂ ਮੱਛੀ ਖਜੂਰ ਉੱਪਰ ਦੇਖੀ ਤਦ ਕੋਈ ਵਿਸ਼ਵਾਸ ਨਹੀਂ ਕਰਦਾ। ਇਸ ਤਰ੍ਹਾਂ ਲੋਕ ਰੱਬ ਦੀ ਹੋਂਦ ਦਾ ਵਿਸ਼ਵਾਸ ਨਹੀਂ ਕਰਦੇ।

**ਕਾਂਇ ਰੇ ਬਕਬਾਦੁ ਲਾਇਓ ॥**

**ਜਿਨਿ ਹਰਿ ਪਾਇਓ ਤਿਨਹਿ ਛਪਾਇਓ ॥੧॥ ਰਹਾਉ ॥**

ਕਈ ਕਹਿੰਦੇ ਹਨ ਕਿ ਇਹ ਬਕਵਾਸ ਕਰਦਾ ਹੈ ਭਲਾ ਮੱਛੀ ਵੀ ਕਦੇ ਦਰੱਖਤ ਉੱਪਰ ਰਹਿ ਸਕਦੀ ਹੈ? ਪਰ ਜਿਸ ਨੂੰ ਪਤਾ ਲੱਗ ਗਿਆ ਉਸੇ ਨੇ ਛੁਪਾ ਲਿਆ। ਅਗਰ ਸਾਨੂੰ ਕੁਝ ਪਤਾ ਵੀ ਹੋਵੇ ਤਾਂ ਅਸੀਂ ਸਤਿਸੰਗ ਤੋਂ ਬਗੈਰ ਕਿਸੇ ਨੂੰ ਨਹੀਂ ਦੱਸਦੇ। ਪਰ ਸਤਿਸੰਗ ਐਸੀ ਜਗ੍ਹਾ ਹੈ ਉੱਥੇ ਅਗਰ ਅਸੀਂ ਰਾਮ ਰਾਇ ਜੀ ਵਾਂਗ ਇੱਕ ਸ਼ਬਦ ਦੀ ਵੀ ਵਿਆਖਿਆ ਗਲਤ ਕਰਾਂਗੇ ਤਦ ਸਾਡਾ ਜਨਮ ਔਤਰ ਚਲਾ ਜਾਵੇਗਾ। ਰਾਮ ਰਾਇ ਜੀ ਨੇ 'ਮਿਟੀ ਮੁਸਲਮਾਨ ਕੀ' ਦੀ ਜਗ੍ਹਾ 'ਮਿਟੀ ਬੇਈਮਾਨ ਕੀ' ਕਹਿ ਦਿੱਤਾ ਸੀ ਤਾਂ ਸਾਰੀ ਸ਼ਕਤੀ ਜਾਂਦੀ ਰਹੀ ਸੀ। ਸਿਆਣੇ ਕਹਿੰਦੇ ਹਨ ਕਿ ਕਦੇ ਇਹ ਹੋ ਸਕਦਾ ਹੈ ਕਿ ਮੱਛੀ ਦਰੱਖਤ ਉੱਪਰ ਰਹੇ। ਪਰ ਜਿਸ ਨੂੰ ਇਹ ਭੇਦ ਪਤਾ ਲੱਗਾ ਉਸ ਨੇ ਛੁਪਾ ਲਿਆ

*ਜਿਨੀ ਪਾਇਆ ਤਿਨੀ ਛੁਪਾਇਆ।*

ਪਰ ਜਦੋਂ ਬਖਸ਼ਿਸ਼ ਹੋਣੀ ਹੁੰਦੀ ਹੈ ਮਾਲਿਕ ਐਸਾ ਭੇਦ ਜੁਬਾਨ ਤੋਂ ਕਢਵਾ ਦਿੰਦੇ ਹਨ। ਕਿਉਂਕਿ

*ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ ਪਾਇਆ ॥*

*ਅਨਿਕ ਜਤਨ ਕਰਿ ਹਿਰਦੈ ਰਾਖਿਆ*

*ਰਤਨੁ ਨ ਛਪੈ ਛਪਾਇਆ ॥੧॥ (ਅੰਗ 659)*

ਜਦੋਂ Divine light, Divine force ਬਖਸ਼ਿਸ਼ ਕਰਦੀ ਹੈ ਤਦ ਜੀਵ ਕੋਲੋਂ ਭੇਦ ਬੁਲਵਾ ਲੈਂਦੀ ਹੈ। ਤਦੇ ਸੰਤਾਂ ਨੇ ਫੁਰਮਾਇਆ ਹੈ

*ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥੮॥*

*(ਅੰਗ 292)*

ਅਸੀਂ ਵੀ ਹਜ਼ੂਰ ਦੇ ਬੁਲਾਏ ਬੋਲ ਰਹੇ ਹਾਂ ਵਰਨਾ ਇਹ ਭੇਦ ਕੋਈ ਨਹੀਂ ਦੱਸ ਸਕਦਾ।

**ਪੰਡਿਤੁ ਹੋਇ ਕੈ ਬੇਦੁ ਬਖਾਨੈ ॥**

ਪੰਡਿਤ ਹੋ ਕੇ ਤੁਸੀਂ ਵੇਦ ਪੜ੍ਹਿਆ ਹੋਵੇਗਾ ਅਤੇ ਵੇਦਾਂ ਦੀ ਵਿਆਖਿਆ ਵੀ ਕਰਦੇ ਹੋਵੋਗੇ। ਪਰ ਹਜ਼ੂਰ ਦੀ ਵਡਿਆਈ ਹੈ ਕਿ ਪੰਡਿਤਾਂ ਨੂੰ ਕੁਰਾਨ ਸ਼ਰੀਫ ਬਾਰੇ ਕੁਝ ਵੀ ਪਤਾ ਨਹੀਂ ਹੈ, ਬਾਈਬਲ ਦਾ ਪਤਾ ਨਹੀਂ ਹੈ ਅਤੇ ਬਾਈਬਲ ਪੜ੍ਹਨ ਵਾਲਿਆਂ ਨੂੰ ਵੇਦਾਂ ਦਾ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੁਝ ਵੀ ਪਤਾ ਨਹੀਂ ਹੈ। ਕਿਸੇ ਨੇ ਕੋਈ ਥੀਸਜ ਪੜ ਲਏ ਹੋਣਗੇ। ਕਿਉਂਕਿ ਜਿੰਨੇ ਵੀ ਪੀ.ਐੱਚ.ਡੀ. ਜਾਂ ਐੱਮ.ਫਿਲ ਕਰਦੇ ਹਨ ਉਹਨਾਂ ਸਾਰਿਆਂ ਨੂੰ ਇੱਕ ਹੀ ਜੀਵ ਨੇ ਪੀ.ਐੱਚ.ਡੀ. ਕਰਵਾਈ ਹੁੰਦੀ ਹੈ। ਸਾਡਾ ਇੱਕ ਦੋਸਤ ਸੀ ਉਸ ਨੇ ਦੱਸਿਆ ਕਿ ਮੈਂ ਆਪਣੀ ਜਿੰਦਗੀ ਵਿੱਚ ਦੋ ਢਾਈ ਸੌ ਬੰਦੇ ਨੂੰ ਪੀ.ਐੱਚ.ਡੀ. ਅਤੇ ਐੱਮ.ਫਿਲ ਕਰਵਾ ਚੁੱਕਾ ਹਾਂ। ਮੇਰੇ ਲਿਖੇ ਥੀਸਜ ਨੂੰ ਹੀ ਉਹ ਅਦਲਾ ਬਦਲੀ ਕਰਕੇ ਭੇਜ ਦਿੰਦੇ ਹਨ ਅਤੇ ਡਿਗਰੀਆਂ ਮਿਲ ਜਾਂਦੀਆਂ ਹਨ। ਪੀ.ਐੱਚ.ਡੀ. ਜਾਂ ਐੱਮ.ਫਿਲ ਕਰਨ ਵਾਲੇ ਗੁੱਸਾ ਨਾ ਕਰਿਉ ਇਹਨਾਂ ਨੂੰ ਬਣੇ ਬਣਾਏ ਥੀਸਜ ਮਿਲ ਜਾਂਦੇ ਹਨ ਅਤੇ ਉੱਪਰ ਸਾਈਨ ਹੋਏ ਹੁੰਦੇ ਹਨ ਅਤੇ ਡਿਗਰੀਆਂ ਮਿਲ ਜਾਂਦੀਆਂ ਹਨ। ਖਾਸ ਕਰਕੇ ਐਮ.ਫਿਲ ਦੀਆਂ ਡਿਗਰੀਆਂ ਇਸੇ ਤਰ੍ਹਾਂ ਮਿਲਦੀਆਂ ਹਨ। ਪਰ ਬਹੁਤ ਘੱਟ ਰੂਹਾਂ ਐਸੀਆਂ ਹੁੰਦੀਆਂ ਹਨ ਜਿਹਨਾਂ ਨੂੰ ਪੂਰੀ ਜਾਣਕਾਰੀ ਹੁੰਦੀ ਹੈ। ਸੋਈ ਇਹ ਜੋ ਗੁਰਬਾਣੀ ਦਾ ਭੇਦ ਹੈ ਇਸ ਬਾਰੇ ਸੰਤਾਂ ਨੇ ਬਹੁਤ ਕੁਝ ਵਰਣਨ ਕਰ ਦਿੱਤਾ ਹੈ ਅਤੇ ਵਿਦਿਆ ਨੂੰ ਪਿੱਛੇ ਸੁੱਟ ਦਿੱਤਾ ਹੈ

*ਹੇ ਵਿਦਿਆ ਤੂ ਬੜੀ ਅਵਿਦਿਆ,*

*ਤੂ ਸੰਤਨ ਕੀ ਕਦਰ ਨ ਜਾਨੀ।*

ਤਥਾ

*ਲਿਖਿ ਲਿਖਿ ਪੜਿਆ ॥ ਤੇਤਾ ਕੜਿਆ (ਅੰਗ 467)*

ਤਥਾ

*ਬੇਦ ਕਤੇਬ ਸਿਮ੍ਰਿਤ ਸਭਿ ਸਾਸਤ*

*ਇਨ੍ ਪੜਿਆ ਮੁਕਤਿ ਨ ਹੋਈ ॥*

*ਏਕੁ ਅਖਰੁ ਜੋ ਗੁਰਮੁਖਿ ਜਾਪੈ*

*ਤਿਸ ਕੀ ਨਿਰਮਲ ਸੋਈ ॥੩॥ (ਅੰਗ 747)*

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਹੇ ਪੰਡਿਤਾ! ਤੂੰ ਵੱਡੇ-

ਵੱਡੇ ਵੇਦ ਪੜ੍ਹ ਲਏ ਹਨ, ਵਿਆਖਿਆ ਵੀ ਕਰਦਾ ਏਂ ਪਰ ਤੈਨੂੰ ਪਤਾ ਨਹੀਂ ਹੈ ਕਿ ਮਾਲਿਕ ਕੀ ਹਨ।

**ਮੂਰਖੁ ਨਾਮਦੇਉ ਰਾਮਹਿ ਜਾਨੈ ॥੨॥**

ਪੰਡਿਤ ਵੇਦ ਪੜ੍ਹਦੇ ਰਹਿ ਗਏ ਅਤੇ ਸੰਤ ਨਾਮਦੇਵ ਜੀ ਅਧਿਆਤਮਵਾਦੀ ਸਨ ਜਿਸ ਕਰਕੇ ਉਹਨਾਂ ਨੇ ਰਾਮ ਦਾ ਭੇਦ ਪ੍ਰਾਪਤ ਕਰ ਲਿਆ। ਸੰਤ ਨਾਮਦੇਵ ਜੀ ਆਪਣੇ ਆਪ ਨੂੰ ਮੂਰਖ ਕਹਿ ਕੇ ਦੱਸ ਰਹੇ ਹਨ ਕਿ ਅਸੀਂ ਮੂਰਖ ਹਾਂ ਪਰ ਹਜ਼ੂਰ ਨੇ ਭੇਦ ਬਖਸ਼ ਦਿੱਤਾ ਪਰ ਪੰਡਿਤ ਵੇਦ ਹੀ ਪੜ੍ਹਦੇ ਰਹਿ ਗਏ।

# ਸਤਿਸੰਗ

**॥ ਸੂਹੀ ਮਹਲਾ੧ ॥ (ਅੰਗ 752)**

**ਮਨਹੁ ਨ ਨਾਮੁ ਵਿਸਾਰਿ ਅਹਿਨਿਸਿ ਧਿਆਈਐ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*
*(ਅੰਗ 1395)*

ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਆਪਣੇ ਮਨ ਨੂੰ ਸਮਝਾਓ।

*ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥*
*ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥ (ਅੰਗ 463)*

ਐ ਜੀਵ! ਅਗਰ ਤੂੰ ਚੇਤਨਾ ਹੈ ਤਦ ਆਪਣੇ ਮਨ ਨੂੰ ਚੇਤ। ਬੁਹਾੜ ਦਾ ਬੂਟਾ ਤਿਲਾਂ ਦੇ ਬੂਟੇ ਵਰਗਾ ਹੁੰਦਾ ਹੈ। ਜਿਮੀਂਦਾਰ ਜਦੋਂ ਤਿੱਲ ਵੱਢਦੇ ਹਨ ਤਾਂ ਬੁਹਾੜ ਦਾ ਬੂਟਾ ਉੱਥੇ ਹੀ ਖੜਾ ਰਹਿਣ ਦਿੰਦੇ ਹਨ। ਜੀਵ ਨੂੰ ਆਪਣੇ ਮਨ ਨੂੰ ਸਮਝਾਉਣਾ ਚਾਹੀਦਾ ਹੈ ਕਿ ਐ ਮਨਾ! ਤੂੰ ਕਦੇ ਵੀ ਮਾਲਿਕ ਨੂੰ ਮਨੋ ਨਾ ਵਿਸਾਰ, ਹਮੇਸ਼ਾਂ ਮਾਲਿਕ ਦਾ ਧਿਆਨ ਰੱਖ ਕੇ ਸਿਮਰਨ ਕਰ।

**ਜਿਉ ਰਾਖਹਿ ਕਿਰਪਾ ਧਾਰਿ ਤਿਵੈ ਸੁਖੁ ਪਾਈਐ ॥੧॥**

ਅਗਰ ਕਿਸੇ ਵਕਤ ਦੁਖ ਆਉਂਦਾ ਹੈ ਤਦ ਮਾਲਿਕ ਦੀ ਰਜਾ ਵਿੱਚ ਰਹੋ। ਇੱਕ ਬਾਦਸ਼ਾਹ ਸੀ। ਉਹ ਸ਼ਿਕਾਰ ਖੇਡਣ ਗਿਆ ਤਾਂ ਉਸ ਕੋਲੋਂ ਗਲਤੀ ਨਾਲ ਚਾਕੂ ਨਾਲ ਆਪਣੀ ਹੀ ਉਂਗਲ ਕੱਟੀ ਗਈ। ਉਸਦਾ ਵਜ਼ੀਰ, ਜੋ ਕਿ ਗੁਰੂ ਦਾ ਪਿਆਰਾ ਸੀ, ਕਹਿਣ ਲੱਗਾ ਬਾਦਸ਼ਾਹ ਸਲਾਮਤ! ਇਹ ਚੰਗਾ ਹੀ ਹੋਇਆ ਹੈ। ਇਸ ਵਿੱਚ ਵੀ ਕੋਈ ਬਿਹਤਰੀ ਹੋਵੇਗੀ। ਬਾਦਸ਼ਾਹ ਦਾ ਦੂਸਰਾ ਵਜ਼ੀਰ, ਜੋ ਕਿ ਚਾਪਲੂਸ ਸੀ, ਕਹਿਣ ਲੱਗਾ ਬਾਦਸ਼ਾਹ ਸਲਾਮਤ ਇਹ ਚੰਗਾ ਵਜ਼ੀਰ ਹੈ ਜੋ ਤੁਹਾਡੀ ਉਂਗਲ ਕੱਟੀ ਜਾਣ 'ਤੇ ਕਹਿੰਦਾ ਹੈ ਚੰਗਾ ਹੋਇਆ ਹੈ। ਬਾਦਸ਼ਾਹ ਨੇ ਚਾਪਲੂਸ ਨੂੰ ਆਪਣਾ ਵਜ਼ੀਰ ਬਣਾ ਲਿਆ ਅਤੇ ਦੂਜੇ ਨੂੰ ਜੇਲ੍ਹ ਵਿੱਚ ਬੰਦ ਕਰਨ ਦਾ ਹੁਕਮ ਦੇ ਦਿੱਤਾ ਕਿ ਇਹ ਮੇਰੇ ਲਈ ਠੀਕ ਨਹੀਂ ਸੋਚਦਾ। ਜਦੋਂ ਜੇਲ੍ਹ ਭੇਜਣ ਦਾ ਹੁਕਮ ਦਿੱਤਾ ਤਦ ਉਹ ਵਜ਼ੀਰ ਕਹਿਣ ਲੱਗਾ ਬਾਦਸ਼ਾਹ ਸਲਾਮਤ ਇਹ ਉਸ ਤੋਂ ਵੀ ਵਧੀਆ ਹੋਇਆ ਹੈ ਕਿਉਂਕਿ ਜੋ ਕੁਛ ਵੀ ਵਾਪਰਦਾ ਹੈ ਉਹ ਬਿਹਤਰੀ ਲਈ ਹੀ ਵਾਪਰਦਾ ਹੈ। ਉਸ ਵਜ਼ੀਰ ਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਕੁਝ ਦਿਨਾਂ ਬਾਅਦ ਬਾਦਸ਼ਾਹ ਉਸ ਨਵੇਂ ਵਜ਼ੀਰ ਸਮੇਤ ਫੇਰ ਜੰਗਲ ਵਿੱਚ ਸ਼ਿਕਾਰ ਖੇਡਣ ਲਈ ਗਿਆ। ਉੱਥੇ ਉਹ ਜਾਂਗਲੀਆਂ ਦੇ, ਭੀਲਾਂ ਦੇ ਕਾਬੂ ਆ ਗਏ। ਉਹਨਾਂ ਨੇ ਉਸ ਦਿਨ ਕਿਸੇ ਇਨਸਾਨ ਦੀ ਬਲੀ ਦੇਣੀ ਸੀ। ਬਾਦਸ਼ਾਹ ਨੂੰ ਸੋਹਣਾ ਨੌਜੁਆਨ ਦੇਖ ਕੇ ਉਹਨਾਂ ਨੇ ਬਲੀ ਲਈ ਤਿਆਰ ਕਰ ਲਿਆ। ਉਹਨਾਂ ਦਾ ਸਰਦਾਰ ਕਹਿਣ ਲੱਗਾ ਕਿ ਜਿਸ ਦੀ ਬਲੀ ਦੇਣੀ ਹੈ, ਉਹ ਅੰਗਹੀਣ ਨਹੀਂ ਹੋਣਾ ਚਾਹੀਦਾ, ਉਸ ਦਾ ਕੋਈ ਵੀ ਅੰਗ ਕੱਟਿਆ ਨਹੀਂ ਹੋਣਾ ਚਾਹੀਦਾ। ਬਾਦਸ਼ਾਹ ਨੇ ਕਿਹਾ ਮੇਰੀ ਤਾਂ ਉਂਗਲ ਕੱਟੀ ਹੋਈ ਹੈ। ਤਦ ਉਹਨਾਂ ਨੇ ਕਿਹਾ ਇਸ ਨੂੰ ਛੱਡ ਦਿਉ। ਬਾਦਸ਼ਾਹ ਦੇ ਨਾਲ ਜੋ ਚਾਪਲੂਸ ਵਜ਼ੀਰ ਸੀ ਉਸ ਦੀ ਬਲੀ ਚੜ੍ਹਾ ਦਿੱਤੀ। ਬਾਦਸ਼ਾਹ ਨੇ ਵਾਪਿਸ ਆ ਕੇ ਉਸ ਵਜ਼ੀਰ ਨੂੰ ਕਿਹਾ ਕਿ ਵਜ਼ੀਰ! ਸੱਚਮੁਚ ਹੀ ਮੇਰੀ ਉਂਗਲ ਦਾ ਕੱਟਿਆ ਜਾਣਾ ਬਹੁਤ ਵਧੀਆ ਹੋਇਆ ਸੀ। ਅਗਰ ਮੇਰੀ ਉਂਗਲ ਨਾ ਕੱਟੀ ਹੁੰਦੀ ਅੱਜ ਕਾਲੀ ਮਾਤਾ ਅੱਗੇ ਮੇਰੀ ਬਲੀ ਚਾੜ੍ਹ ਦੇਣੀ ਸੀ। ਪਰ ਮੈਨੂੰ ਇੱਕ ਗੱਲ ਦੱਸ, ਜਦੋਂ ਮੈਂ ਤੈਨੂੰ ਜੇਲ੍ਹ ਵਿੱਚ ਦਿੱਤਾ ਸੀ, ਤੂੰ ਉਦੋਂ ਵੀ ਕਿਹਾ ਸੀ ਕਿ ਇਹ ਉਸ ਤੋਂ ਵੀ ਵਧੀਆ ਹੋਇਆ ਹੈ ਇਸ ਦਾ ਕੀ ਮਤਲਬ ਸੀ? ਵਜ਼ੀਰ ਨੇ ਉੱਤਰ ਦਿੱਤਾ ਕਿ ਬਾਦਸ਼ਾਹ ਸਲਾਮਤ! ਅਗਰ ਮੈਂ ਅੱਜ ਤੁਹਾਡੇ ਨਾਲ ਹੁੰਦਾ ਤਦ ਬਲੀ ਵਾਸਤੇ ਮੇਰੀ ਵਾਰੀ ਆ ਜਾਣੀ ਸੀ। ਤੁਸੀਂ ਉਂਗਲ ਕੱਟੀ ਜਾਣ ਕਰਕੇ ਬਚ ਗਏ, ਮੈਂ ਜੇਲ੍ਹ ਵਿੱਚ ਹੋਣ ਕਰਕੇ ਬਚ ਗਿਆ।

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਅਗਰ ਕਿਸੇ ਵੇਲੇ ਜੀਵ ਨੂੰ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਜਾਂ ਕੰਮ ਵਿੱਚ ਕੋਈ ਰੁਕਾਵਟ ਪੈਂਦੀ ਹੈ ਤਾਂ ਉਸ ਨੂੰ ਵਧੀਆ ਸਮਝ ਕੇ ਪ੍ਰਵਾਨ ਕਰਨਾ ਚਾਹੀਦਾ ਹੈ। ਫੇਰ ਤੁਹਾਡਾ ਮਨ ਗੁਰਬਾਣੀ ਤੋਂ ਪਿੱਛੇ ਨਹੀਂ ਹਟੇਗਾ, ਬੇ-ਭਾਵ ਨਹੀਂ ਹੋਵੇਗਾ। ਵਰਨਾ ਅਸੀਂ ਦੇਖਿਆ ਹੈ ਕਿ ਵੱਡੇ-ਵੱਡੇ ਸਾਧੂ ਮਹਾਤਮਾਵਾਂ 'ਤੇ ਵੀ ਦੋਸ਼ ਲੱਗਦੇ ਆਏ ਹਨ, ਪਰਖਾਂ ਦੀਆਂ ਘੜੀਆਂ ਆਈਆਂ ਹਨ। ਉਹਨਾਂ ਨੇ ਉਹਨਾਂ ਪਰਖਾਂ ਦੀਆਂ ਘੜੀਆਂ ਵਿੱਚੋਂ ਵੀ ਆਪਣੇ ਆਪ ਨੂੰ ਸੁਰੱਖਿਅਤ ਬਾਹਰ

ਕੱਢਿਆ ਹੈ। ਸੋਈ ਜਿਸ ਤਰ੍ਹਾਂ ਮਾਲਿਕ ਰੱਖਦੇ ਹਨ ਅਗਰ ਜੀਵ ਉਸ ਵਿੱਚ ਸੰਤੁਸ਼ਟ ਹੁੰਦਾ ਹੈ ਤਦ ਉਸ ਤੋਂ ਵੱਡੀ ਹੋਰ ਕੋਈ ਬਖ਼ਸ਼ਿਸ਼ ਨਹੀਂ ਹੈ।

**ਮੈ ਅੰਧੁਲੇ ਹਰਿ ਨਾਮੁ ਲਕੁਟੀ ਟੋਹਣੀ॥**

ਜਿਸ ਤਰ੍ਹਾਂ ਅੰਨ੍ਹਾ ਡੰਗੋਰੀ ਲੈ ਕੇ ਤੁਰਦਾ ਹੈ ਕਿ ਰਸਤੇ ਵਿੱਚ ਟੋਇਆ ਨਾ ਹੋਵੇ, ਮੈਂ ਡਿੱਗ ਨਾ ਪਵਾਂ, ਇਸ ਤਰ੍ਹਾਂ ਗੁਰਬਾਣੀ ਦਾ ਸਹਾਰਾ ਲੈ ਕੇ ਤੁਰੋ ਤਾਂ ਕਿ ਗੁਰਬਾਣੀ ਟੋਹਣੀ ਬਣ ਕੇ ਤੁਹਾਡੀ ਸਹਾਇਤਾ ਕਰੇ ਅਤੇ ਡਿੱਗਣ ਤੋਂ ਬਚਾਵੇ।

**ਰਹਉ ਸਾਹਿਬ ਕੀ ਟੇਕ ਨ ਮੋਹੈ ਮੋਹਣੀ॥੧॥ ਰਹਾਉ॥**

ਜੋ ਜੀਵ ਗੁਰਬਾਣੀ ਤੋਂ ਬੇ-ਭਾਵ ਨਹੀਂ ਹੁੰਦਾ ਉਸ ਉੱਪਰ ਮਾਇਆ ਕੋਈ ਐਕਸ਼ਨ ਨਹੀਂ ਕਰ ਸਕਦੀ।

**ਜਹ ਦੇਖਉ ਤਹ ਨਾਲਿ ਗੁਰਿ ਦੇਖਾਲਿਆ॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਐਸੀ ਭਾਵਨਾ ਹੋਣ 'ਤੇ ਅਸੀਂ ਜਿੱਥੇ ਵੀ ਦੇਖਿਆ ਮਾਲਿਕ ਸਾਡੇ ਨਾਲ ਹੁੰਦੇ ਹਨ।

**ਅੰਤਰਿ ਬਾਹਰਿ ਭਾਲਿ ਸਬਦਿ ਨਿਹਾਲਿਆ॥੨॥**

ਬਾਹਰ ਭਟਕਣ ਦੀ ਬਜਾਇ ਉਸ ਸ਼ਬਦ ਰੂਪੀ ਤਾਕਤ ਨੇ ਮੇਰੇ ਉੱਪਰ ਬਖਸ਼ਿਸ਼ ਕਰਕੇ ਮੈਨੂੰ ਨਿਹਾਲ ਕਰ ਦਿੱਤਾ।

**ਸੇਵੀ ਸਤਿਗੁਰ ਭਾਇ ਨਾਮੁ ਨਿਰੰਜਨਾ॥**

ਇਸ ਕਰਕੇ ਮਾਲਿਕ ਦੀ, ਉਸ ਪ੍ਰਭੂ ਤਾਕਤ ਦੀ ਸੇਵਨਾ ਅਤੇ ਅਰਾਧਨਾ ਕਰਨੀ ਚਾਹੀਦੀ ਹੈ।

**ਤੁਧੁ ਭਾਵੈ ਤਿਵੈ ਰਜਾਇ ਭਰਮੁ ਭਉ ਭੰਜਨਾ॥੩॥**

ਅਗਰ ਇਸ ਤਰ੍ਹਾਂ ਮਾਲਿਕ ਦੀ ਰਜ਼ਾ ਵਿੱਚ ਰਹਾਂਗੇ ਫੇਰ ਸਾਨੂੰ ਕੋਈ ਵਹਿਮ ਨਹੀਂ ਪਵੇਗਾ ਕਿ ਸਾਡਾ ਆਹ ਕੰਮ ਇੰਝ ਕਿਉਂ ਹੋ ਗਿਆ ਜਾਂ ਕਿਸ ਕਾਰਣ ਹੋਇਆ? ਉਂਝ ਆਪਾਂ ਇਹੋ ਸੋਚੀ ਜਾਵਾਂਗੇ ਕਿ ਬਾਦਸ਼ਾਹ ਦੀ ਉਂਗਲ ਕਿਉਂ ਕੱਟੀ ਗਈ, ਪਤਾ ਨਹੀਂ ਕੀ ਕਾਰਨ ਹੈ। ਫੇਰ ਆਪਾਂ ਇਸ ਤਰ੍ਹਾਂ ਦੇ ਵਹਿਮਾਂ ਤੋਂ ਵੀ ਬਚ ਜਾਵਾਂਗੇ।

**ਜਨਮਤ ਹੀ ਦੁਖੁ ਲਾਗੈ ਮਰਣਾ ਆਇ ਕੈ॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਦੁੱਖ ਬਹੁਤ ਹੈ। ਕਈ ਵਾਰ ਇਨਸਾਨ ਸੋਚਦਾ ਹੈ ਕਿ ਮੈਨੂੰ ਆਹ ਦੁੱਖ ਕਿਉਂ ਆਇਆ। ਸਭ ਤੋਂ ਵੱਡਾ ਦੁੱਖ ਮੌਤ ਦਾ ਹੈ ਕਿ ਮੈਂ ਕਿਤੇ ਮਰ ਨਾ ਜਾਵਾਂ। ਜਿਸ ਜੀਵ ਨੂੰ ਸਾਰੇ ਸੁਖ ਪ੍ਰਾਪਤ ਹੋਣ ਅਤੇ ਉਸ ਨੂੰ ਇਹ ਕਹਿ ਦਿੱਤਾ ਜਾਵੇ ਕਿ ਤੂੰ ਕੱਲ੍ਹ ਨੂੰ ਮਰ ਜਾਣਾ ਹੈ ਤਦ ਉਸ ਦੇ ਸਾਰੇ ਸੁਖ ਵਿਸਰ ਜਾਂਦੇ ਹਨ। ਇਨਸਾਨ ਜਦੋਂ ਜਨਮ ਲੈਂਦਾ ਹੈ ਸਭ ਤੋਂ ਵੱਡਾ ਦੁੱਖ ਉਸ ਨੂੰ ਪਹਿਲਾਂ ਦੱਸ ਦਿੱਤਾ ਜਾਂਦਾ ਹੈ ਕਿ ਤੇਰੀ ਮੌਤ ਹੋ ਜਾਣੀ ਹੈ। ਕਿਸ ਦਿਨ ਹੋਣੀ ਹੈ ਇਸ ਬਾਰੇ ਕਿਸੇ ਨੂੰ ਵੀ ਪਤਾ ਨਹੀਂ ਹੈ।

*ਕਿਆ ਜਾਨਾ ਕਿਵ ਮਰਹਗੇ*
*ਕੈਸਾ ਮਰਣਾ ਹੋਇ॥*
*ਜੇ ਕਰਿ ਸਾਹਿਬੁ ਮਨਹੁ ਨ ਵੀਸਰੈ*
*ਤਾ ਸਹਿਲਾ ਮਰਣਾ ਹੋਇ॥ (ਅੰਗ 555)*

ਇਹ ਜ਼ਰੂਰ ਹੈ ਕਿ ਜੋ ਜੀਵ ਸਿਮਰਨ ਕਰਦੇ ਹਨ ਉਹਨਾਂ ਨੂੰ ਮੌਤ ਆਸਾਨ ਆਉਂਦੀ ਹੈ। ਉਹ ਮੰਜੇ ਉੱਪਰ ਰਿੜਕ ਰਿੜਕ ਕੇ ਨਹੀਂ ਮਰਦੇ।

**ਜਨਮੁ ਮਰਣੁ ਪਰਵਾਣੁ ਹਰਿ ਗੁਣ ਗਾਇ ਕੈ॥੪॥**

ਜਦੋਂ ਅਸੀਂ ਇਹ ਸੋਚ ਲਵਾਂਗੇ ਕਿ ਅਸੀਂ ਆਏ ਹਾਂ ਅਤੇ ਜਾਣਾ ਵੀ ਹੈ। ਜਦੋਂ ਇਹ ਜੰਮਣ ਮਰਨ ਦੇ ਚੱਕਰ ਨੂੰ ਮੰਨ ਕੇ ਤੁਰਾਂਗੇ, ਫੇਰ ਸਾਡਾ ਜੀਵਨ ਬਹੁਤ ਵਧੀਆ ਬਤੀਤ ਹੋਵੇਗਾ।

**ਹਉ ਨਾਹੀ ਤੂ ਹੋਵਹਿ ਤੁਧ ਹੀ ਸਾਜਿਆ॥**

ਸੱਚੇ ਪਾਤਿਸ਼ਾਹੋ! ਅਸੀਂ ਹੋਈਏ ਜਾਂ ਨਾ ਹੋਈਏ। ਪਰ ਤੁਸੀਂ ਇੱਕ ਐਸੀ ਰਚਨਾ ਕੀਤੀ ਹੈ ਜਿਸ ਤਰ੍ਹਾਂ ਸਾਧੂ ਕਿਸੇ ਸੰਸਥਾ ਦੀ ਸਥਾਪਨਾ ਕਰਦੇ ਹਨ ਫੇਰ ਉਹ ਰਹਿੰਦੇ ਹਨ ਜਾਂ ਨਹੀਂ ਰਹਿੰਦੇ। ਅਗਰ ਉਹ ਸੰਸਥਾ ਵਧੀਆ ਕੰਮ ਕਰਦੀ ਹੈ ਤਦ ਉਸ ਸਾਧੂ ਦਾ ਦੁਨੀਆਂ ਵਿੱਚ ਨਾਮ ਰਹਿੰਦਾ ਹੈ

*ਕਬੀਰ ਜਬ ਹਮ ਆਏ ਜਗਤ ਮੇਂ ਜਗ ਹੰਸਾ ਹਮ ਰੋਏ॥*
*ਐਸੀ ਕਰਨੀ ਕਰ ਚਲਓ ਤੁਮ ਹੰਸੋ ਜਗ ਰੋਏ॥*

ਉਹ ਦੁਨੀਆਂ ਯਾਦ ਕਰੇ। ਇਸ ਕਰਕੇ ਹਜ਼ੂਰ ਰਹਿਮਤ ਅਤੇ ਬਖਸ਼ਿਸ਼ ਕਰਕੇ ਤੁਸੀਂ ਸਾਡੇ ਸਿਰ ਉੱਪਰ ਹਮੇਸ਼ਾਂ ਰਹਿਮਤ ਭਰਿਆ ਹੱਥ ਰੱਖੋ। ਅਸੀਂ ਹੋਈਏ ਜਾਂ ਨਾ ਹੋਈਏ ਤੁਹਾਡਾ ਰਹਿਮਤ ਭਰਿਆ ਹੱਥ ਹਮੇਸ਼ਾਂ ਸਾਡੇ ਸਿਰ ਉੱਪਰ ਹੋਣਾ ਚਾਹੀਦਾ ਹੈ।

**ਆਪੇ ਥਾਪਿ ਉਥਾਪਿ ਸਬਦਿ ਨਿਵਾਜਿਆ॥੫॥**

ਉਹ ਸ਼ਬਦ ਰੂਪੀ ਤਾਕਤ ਕਿਸੇ ਵਕਤ ਸੁਖ ਬਖਸ਼ਦੀ ਹੈ, ਕਿਸੇ ਵਕਤ ਥੋੜ੍ਹਾ ਸੰਕਟ ਬਖਸ਼ਦੀ ਹੈ। ਅਗਰ ਜੀਵ ਨੂੰ ਸਾਰੇ ਸੁਖ ਹੀ ਮਿਲ ਜਾਣ ਤਦ ਉਹ ਮਾਲਿਕ ਨੂੰ ਚੇਤੇ ਨਹੀਂ ਰੱਖਦਾ। ਸੰਤਾਂ ਨੇ ਫੁਰਮਾਇਆ ਹੈ ਕਿ

*ਦੁਖ ਸੁਖ ਦੇਂਗੇ ਹਿਕਮਤ ਧਾਰ।*

ਉਹ ਤਾਕਤ ਜਾਣ ਬੁੱਝ ਕੇ ਐਨਾ ਕੁ ਦੁੱਖ ਦਿੰਦੀ ਹੈ ਤਾਂ ਕਿ ਮਾਲਿਕ ਚੇਤੇ ਰਹਿਣ।

**ਦੇਹੀ ਭਸਮ ਰੁਲਾਇ ਨ ਜਾਪੀ ਕਹ ਗਇਆ॥**

ਸਭ ਨੂੰ ਪਤਾ ਹੈ ਕਿ ਇਸ ਦੇਹ ਨੇ ਮਿੱਟੀ ਵਿੱਚ ਰਲ ਜਾਣਾ ਹੈ। ਕਿਸੇ ਨੂੰ ਇਸਲਾਮ ਮੱਤ ਅਨੁਸਾਰ ਖਾਕ ਬੁਰਦ ਕਰਕੇ ਦਫ਼ਨਾ ਦਿੱਤਾ ਜਾਣਾ ਹੈ। ਕਿਸੇ ਦਾ ਦਾਹ-ਸੰਸਕਾਰ ਹੋ ਕੇ ਉਸ ਖਾਕ ਨੇ ਮਿੱਟੀ ਵਿੱਚ ਰਲ ਜਾਣਾ ਹੈ। ਅਖੀਰ ਸਭ ਨੇ ਮਿੱਟੀ ਵਿੱਚ ਹੀ

ਰਲ ਜਾਣਾ ਹੈ। ਅਗਰ ਇਸ ਗੱਲ ਨੂੰ ਮੁੱਖ ਰੱਖ ਕੇ ਤੁਰਾਂਗੇ ਫੇਰ

*ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ॥*
*ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ॥੨੬॥*
*(ਅੰਗ 1379)*

ਅਸੀਂ ਸੋਚਦੇ ਹਾਂ ਕਿ ਪੱਗ ਨੂੰ ਦਾਗ ਨਾ ਲੱਗੇ ਪਰ ਇਸ ਸਰੀਰ ਨੂੰ ਵੀ ਮਿੱਟੀ ਨੇ ਖਾ ਜਾਣਾ ਹੈ।

**ਆਪੇ ਰਹਿਆ ਸਮਾਇ ਸੋ ਵਿਸਮਾਦੁ ਭਇਆ॥੬॥**

ਸਾਨੂੰ ਇਹ ਵਿਸ਼ਵਾਸ ਅਤੇ ਯਕੀਨ ਹੋਣਾ ਚਾਹੀਦਾ ਹੈ ਕਿ ਉਹ ਤਾਕਤ ਸਦਾ ਸਾਡੇ ਅੰਦਰ ਹੈ, ਸਦਾ ਅਟੱਲ ਹੈ, ਹਮੇਸ਼ਾਂ ਸਾਡੇ ਨਾਲ ਰਹਿੰਦੇ ਹਨ।

**ਤੂੰ ਨਾਹੀ ਪ੍ਰਭ ਦੂਰਿ ਜਾਣਹਿ ਸਭ ਤੂ ਹੈ॥**

ਸੱਚੇ ਪਾਤਿਸ਼ਾਹੋ! ਮੇਰੇ ਉੱਪਰ ਬਖਸ਼ਿਸ਼ ਕਰੋ ਮੈਂ ਕਦੇ ਵੀ ਤੁਹਾਨੂੰ ਦੂਰ ਨਾ ਸਮਝਾਂ। ਸੰਤਾਂ ਨੇ ਫੁਰਮਾਇਆ ਹੈ ਕਿ

*ਦੂਰ ਨ ਜਾਣਹੁ ਸਤਿਗੁਰ ਪਾਸ॥*
*ਨਿਸਦਿਨ ਚਰਨ ਕਰੋ ਵਿਸਵਾਸ॥*

ਹਮੇਸ਼ਾਂ ਇਹੋ ਸੋਚਾਂ ਕਿ ਹਜ਼ੂਰ ਮੇਰੇ ਨਾਲ ਹਨ।

**ਗੁਰਮੁਖਿ ਵੇਖਿ ਹਦੂਰਿ ਅੰਤਰਿ ਭੀ ਤੂ ਹੈ॥੭॥**

ਸੱਚੇ ਪਾਤਿਸ਼ਾਹੋ! ਜਿਹੜੇ ਗੁਰਮੁਖ ਹਨ ਉਹਨਾਂ ਨੂੰ ਤੁਸੀਂ ਅੰਦਰ ਵੀ ਦਰਸ਼ਨ ਬਖਸ਼ਦੇ ਹੋ ਅਤੇ ਬਾਹਰ ਵੀ ਦਰਸ਼ਨ ਬਖਸ਼ਦੇ ਹੋ। ਹਜ਼ੂਰ ਇਸ ਕਰਕੇ ਮੇਰੇ ਉੱਪਰ ਵੀ ਕਿਰਪਾ ਕਰੋ।

**ਮੈ ਦੀਜੈ ਨਾਮੁ ਨਿਵਾਸੁ ਅੰਤਰਿ ਸਾਂਤਿ ਹੋਇ॥**

ਹਜ਼ੂਰ ਮੇਰੇ ਅੰਦਰ ਕਲਪਣਾ ਰਹਿੰਦੀ ਹੈ ਮੈਂ ਭਟਕਦਾ ਰਹਿੰਦਾ ਹਾਂ। ਮੇਰੇ ਅੰਦਰ ਨਾਮ ਦੀ ਦਾਤ ਬਖਸ਼ੋ ਤਾਂ ਕਿ ਮੈਂ ਸ਼ਾਂਤ ਰਹਾਂ।

**ਗੁਣ ਗਾਵੈ ਨਾਨਕ ਦਾਸੁ .**

**ਸਤਿਗੁਰੁ ਮਤਿ ਦੇਇ॥੮॥੩॥੫॥**

ਸੱਚੇ ਪਾਤਿਸ਼ਾਹੋ! ਮੈਨੂੰ ਇਹ ਸੋਝੀ ਅਤੇ ਮੱਤ ਬਖਸ਼ੋ ਕਿ ਮੈਂ ਰਾਤ ਦਿਨ ਤੁਹਾਡੇ ਗੁਣ ਗਾਵਾਂ। ਕਿਉਂਕਿ ਜਿਹੜੇ ਜੀਵ ਸਿਮਰਨ ਕਰਦੇ ਹਨ ਉਹਨਾਂ ਨੂੰ ਕੋਈ ਸੰਕਟ ਅਤੇ ਮੁਸ਼ਕਲ ਨਹੀਂ ਆਉਂਦੀ। ਅਗਰ ਆਉਂਦੀ ਵੀ ਹੈ ਤਦ ਉਸ ਦਾ ਹੱਲ ਵੀ ਨਿਕਲ ਆਉਂਦਾ ਹੈ। ਜੀਵ ਨੂੰ ਇਹ ਜੋਦੜੀਆਂ, ਬੇਨਤੀਆਂ ਫਰਿਆਦਾਂ ਕਰਦੇ ਰਹਿਣਾ ਚਾਹੀਦਾ ਹੈ ਕਿ ਹਜ਼ੂਰ ਮੇਰੇ ਉੱਪਰ ਕਿਰਪਾ ਕਰੋ ਮੈਂ ਰਾਤ ਦਿਨ ਤੁਹਾਡੇ ਗੁਣ ਗਾਵਾਂ, ਸਿਮਰਨ ਕਰਾਂ।

# ਸਤਿਸੰਗ

**ਰਾਮਕਲੀ ਮਹਲਾ ੧ (ਅੰਗ 878)**

**ਤੁਧਨੋ ਨਿਵਣੁ ਮੰਨਣੁ ਤੇਰਾ ਨਾਉ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸਾਡੇ ਹਿਤ ਵਾਸਤੇ ਬਹੁਤ ਹੀ ਸੋਝੀ ਭਰਿਆ ਸੰਦੇਸ਼ ਬਖਸ਼ ਰਹੇ ਹਨ ਕਿ ਜਦੋਂ ਕੋਈ ਇਨਸਾਨ ਕਿਸੇ ਅੱਗੇ ਸਿਰ ਝੁਕਾਉਂਦਾ ਹੈ ਉਸ ਦਾ ਭਾਵ ਹੈ ਕਿ ਉਹ ਉਸ ਨੂੰ ਮੰਨਦਾ ਹੈ। ਅਗਰ ਤੁਸੀਂ ਤੁਰੇ ਜਾਂਦੇ ਕਿਸੇ ਨੂੰ ਸਤਿ ਸ੍ਰੀ ਅਕਾਲ, ਰਾਮ-ਰਾਮ, ਸਤਿਨਾਮੁ ਕਹਿੰਦੇ ਹੋ ਜਾਂ ਤੁਸੀਂ ਕਿਸੇ ਨੂੰ ਆਦਰ ਸਤਿਕਾਰ ਨਾਲ ਸਿਰ ਝੁਕਾ ਕੇ ਪ੍ਰਣਾਮ ਕਰਦੇ ਹੋ ਤਦ ਉਸ ਦਾ ਭਾਵ ਇਹ ਹੈ ਕਿ ਤੁਸੀਂ ਉਸ ਨੂੰ ਮਾਨਤਾ ਦਿੰਦੇ ਹੋ। ਪਰ ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜਦੋਂ ਅਸੀਂ ਗੁਰਬਾਣੀ ਅੱਗੇ ਸਿਰ ਝੁਕਾਉਂਦੇ ਹਾਂ ਸਮਝੋ ਅਸੀਂ ਇਸ ਨੂੰ ਮੰਨਦੇ ਹਾਂ। ਜਿਸ ਅੱਗੇ ਤੁਸੀਂ ਸਿਰ ਨਹੀਂ ਝੁਕਾਉਂਦੇ ਸਮਝੋ ਤੁਸੀਂ ਉਸ ਨੂੰ ਮੰਨਦੇ ਨਹੀਂ ਹੋ। ਹਜ਼ੂਰ ਪਹਿਲੇ ਪਾਤਿਸ਼ਾਹ ਫੁਰਮਾਨ ਕਰ ਰਹੇ ਹਨ ਕਿ ਜੋ ਤੁਹਾਡੇ ਨਾਲ ਨਿਮਰਤਾ ਸਾਹਿਤ ਪੇਸ਼ ਆਉਂਦਾ ਹੈ ਉਹ ਤੁਹਾਨੂੰ ਸਤਿਕਾਰ ਦੇ ਰਿਹਾ ਹੈ, ਉਹ ਤੁਹਾਨੂੰ ਮੰਨ ਰਿਹਾ ਹੈ। ਜਦੋਂ ਸਤਿ ਸ੍ਰੀ ਅਕਾਲ ਕਹਿੰਦੇ ਹਾਂ ਉਸ ਦਾ ਭਾਵ ਹੈ ਕਿ ਉਹ ਤਾਕਤ ਸਤਿ ਹੈ ਅਸੀਂ ਉਸ ਨੂੰ ਪ੍ਰਣਾਮ ਕਰਦੇ ਹਾਂ। ਅਗਲਾ ਜੀਵ ਉੱਤਰ ਦਿੰਦਾ ਹੈ ਗੁਰ ਪ੍ਰਸਾਦਿ ਕਿ ਅਸੀਂ ਵੀ ਇਸੇ ਗੱਲ ਦੇ ਪੈਰੋਕਾਰ ਹਾਂ ਅਸੀਂ ਵੀ ਤੈਨੂੰ ਪ੍ਰਣਾਮ ਕਰਦੇ ਹਾਂ। ਸੋਈ ਜਿਸ ਨੂੰ ਤੁਸੀਂ ਸਤਿਕਾਰ ਦੇਵੋਗੇ ਉਹ ਵੀ ਅੱਗਿਉਂ ਸਿਰ ਝੁਕਾਵੇਗਾ। ਇਸੇ ਤਰ੍ਹਾਂ ਇਸਲਾਮ-ਵ-ਲੇਕਮ, ਵਾ-ਲੇਕਮ-ਇਸਲਾਮ ਉਹ ਕਹਿੰਦੇ ਹਨ ਇਸਲਾਮ ਦੀ ਜੈ ਹੋਵੇ। ਅਗਲਾ ਜੀਵ ਉੱਤਰ ਦਿੰਦਾ ਹੈ ਕਿ ਮੈਂ ਵੀ ਅੱਲਾਹ-ਤਾਲੂ ਅੱਗੇ ਇਹੋ ਦੁਆ ਕਰਦਾ ਹਾਂ। ਰਾਮ-ਰਾਮ, ਰਾਮ-ਰਾਮ, ਗੁਡ ਮਾਰਨਿੰਗ-ਮਾਰਨਿੰਗ-ਮਾਰਨਿੰਗ। ਭਾਵ ਹਰ ਗੱਲ ਦਾ ਅੱਗੋ ਉਹੋ ਹੀ ਜਵਾਬ ਮਿਲਦਾ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਦੋਂ ਜੀਵ ਕਿਸੇ ਅੱਗੇ ਸਿਰ ਝੁਕਾਉਂਦਾ ਹੈ, ਸਮਝੋ ਉਹ ਉਸ ਨੂੰ ਮੰਨ ਰਿਹਾ ਹੈ, ਕਬੂਲ ਕਰ ਰਿਹਾ ਹੈ, ਸਤਿਕਾਰ ਦੇ ਰਿਹਾ ਹੈ।

**ਸਾਚੁ ਭੇਟ ਬੈਸਣ ਕਉ ਥਾਉ॥**

ਜਿਹੜਾ ਆਪਾਂ ਸਿਰ ਝੁਕਾਉਂਦੇ ਹਾਂ, ਉਹ ਸਿਰ ਸੱਚੇ ਦਿਲ ਨਾਲ ਝੁਕਾਇਆ ਹੋਵੇ। ਐਸਾ ਨਾ ਹੋਵੇ ਕਿ ਫਸਿਆਂ ਝੁਕਾਇਆ ਹੋਵੇ। ਅਗਰ ਅਸੀਂ ਸੱਚੇ ਦਿਲ ਨਾਲ ਸਿਰ ਝੁਕਾਉਂਦੇ ਹਾਂ ਤਦ ਮਾਲਿਕ ਜੀਵ ਨੂੰ ਆਪਣੇ ਦਰਬਾਰ ਵਿੱਚ, ਆਪਣੇ ਘਰ ਵਿੱਚ ਜਗ੍ਹਾ ਬਖਸ਼ਦੇ ਹਨ। ਅਗਰ ਅਸੀਂ ਉੱਪਰੋਂ-ਉੱਪਰੋਂ ਕਰਦੇ ਹਾਂ

ਫੇਰ ਗੱਲ ਨਹੀਂ ਬਣਦੀ।

*ਬਾਹਰਿ ਹੋਰ ਭੀਤਰਿ ਹੋਰ ਬਗਲੇ ਜੈਸਾ ਭੇਸ।*
*ਤਾ ਤੇ ਫਿਰਿ ਕਾਗਾ ਭਲਾ ਜੋ ਬਾਹਰਿ ਭੀਤਰਿ ਏਕ।*

ਅਗਰ ਅਸੀਂ ਕਿਸੇ ਨੂੰ ਸੱਚੇ ਦਿਲ ਨਾਲ ਸਤਿਕਾਰ ਦਿੰਦੇ ਹਾਂ ਤਦ ਉਹ ਸਾਨੂੰ ਬੈਠਣ ਲਈ ਪਿਆਰ ਨਾਲ ਜਗ੍ਹਾ ਦੇਵੇਗਾ, ਕਈ ਵਾਰ ਉਸ ਜੀਵ ਕੋਲ ਬਿਠਾਉਣ ਲਈ ਜਗ੍ਹਾ ਵੀ ਨਹੀਂ ਹੁੰਦੀ ਪਰ ਉਹ ਕਹਿੰਦਾ ਹੈ ਕਿ ਮੈਂ ਇੱਕ ਪਾਸੇ ਹੋ ਜਾਂਦਾ ਹਾਂ ਆਪਾਂ ਰਲ ਮਿਲ ਕੇ ਬੈਠ ਜਾਂਦੇ ਹਾਂ। ਪਰ ਇਸ ਤਰ੍ਹਾਂ ਜਗ੍ਹਾ ਉਸ ਜੀਵ ਨੂੰ ਦਿੱਤੀ ਜਾਂਦੀ ਹੈ ਜੋ ਪਿਆਰ ਅਤੇ ਸਤਿਕਾਰ ਨਾਲ ਮਿਲਦਾ ਹੈ।

**ਸਤੁ ਸੰਤੋਖੁ ਹੋਵੈ ਅਰਦਾਸਿ॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜੀਵ ਨੂੰ ਸਤਿ ਅਤੇ ਸੰਤੋਖ ਉੱਪਰ ਚੱਲ ਕੇ ਮਾਲਿਕ ਅੱਗੇ ਅਰਦਾਸ ਕਰਨੀ ਚਾਹੀਦੀ ਹੈ। ਸੰਤਾਂ ਨੇ ਸਪੱਸ਼ਟ ਫ਼ੁਰਮਾਨ ਕੀਤਾ ਹੈ ਕਿ

*ਬਿਘਨੁ ਨ ਕੋਊ ਲਾਗਤਾ ਗੁਰ ਪਹਿ ਅਰਦਾਸਿ॥*
*ਰਖਵਾਲਾ ਗੋਬਿੰਦ ਰਾਇ ਭਗਤਨ ਕੀ ਰਾਸਿ॥*

*(ਅੰਗ 816-17)*

ਹਜ਼ੂਰ ਕੋਈ ਵਿਘਨ ਨਹੀਂ ਪੈਣ ਦਿੰਦੇ। ਪਰ ਕਈ ਦਫਾ ਜੋ ਤੁਸੀਂ ਉਸੇ ਵਕਤ ਚਾਹੁੰਦੇ ਹੋ ਹਜ਼ੂਰ ਉਹ ਹੋਣ ਨਹੀਂ ਦਿੰਦੇ, ਥੋੜ੍ਹੀ ਦੇਰ ਨਾਲ ਬਖਸ਼ਿਸ਼ ਕਰਦੇ ਹਨ।

**ਤਾ ਸੁਣਿ ਸਦਿ ਬਹਾਲੇ ਪਾਸਿ॥੧॥**

ਕਈ ਵਾਰ ਜੀਵ ਕਿਸੇ ਨੂੰ ਮਿਲਣ ਲਈ ਜਾਂਦਾ ਹੈ ਤਾਂ ਉਸ ਨੂੰ ਕਿਹਾ ਜਾਂਦਾ ਹੈ ਕਿ ਤੂੰ ਵੇਟਿੰਗ ਰੂਮ ਵਿੱਚ ਥੋੜ੍ਹੀ ਦੇਰ ਇੰਤਜਾਰ ਕਰ ਅਸੀਂ ਥੋੜ੍ਹੇ ਰੁਝੇਵੇਂ ਵਿੱਚ ਹਾਂ। ਇਸ ਤਰ੍ਹਾਂ ਪਤਾ ਲੱਗ ਜਾਂਦਾ ਹੈ ਉਹ ਜ਼ਰੂਰ ਮਿਲਣਗੇ। ਅਗਰ ਜੀਵ ਇੰਤਜਾਰ ਕਰ ਲੈਂਦਾ ਹੈ ਫੇਰ ਉਹ ਉਸ ਨੂੰ ਕੋਲ ਸੱਦ ਕੇ ਬਿਠਾ ਲੈਂਦੇ ਹਨ ਕਿ ਦੱਸ ਕਿਸ ਕੰਮ ਆਇਆ ਏਂ। ਅਗਰ ਤੁਸੀਂ ਇੰਤਜਾਰ ਕਰਨ ਦੀ ਜਗ੍ਹਾ ਗੁੱਸੇ ਹੋ ਕੇ ਵਾਪਿਸ ਚਲੇ ਜਾਓਗੇ, ਤਦ ਨੁਕਸਾਨ ਹੀ ਹੁੰਦਾ ਹੈ। ਇਸ ਤਰ੍ਹਾਂ ਉਹ ਸ਼ਬਦ ਰੂਪੀ ਤਾਕਤ ਸਾਨੂੰ ਦਿਸਦੀ ਨਹੀਂ ਹੈ ਅਤੇ ਉਹ ਕਹਿੰਦੀ ਵੀ ਨਹੀਂ ਹੈ ਕਿ ਥੋੜ੍ਹੀ ਦੇਰ ਰੁਕ ਜਾ ਤੇਰਾ ਕੰਮ ਕੁਝ ਦੇਰ ਬਾਅਦ ਹੋਵੇਗਾ। ਪਰ ਅਸੀਂ ਉਸ ਨਾਲ ਰੁੱਸ ਕੇ ਮਾਰ ਖਾਂਦੇ ਹਾਂ। ਅਗਰ ਕੋਈ ਦੁਨਿਆਵੀ, ਸਿਆਸੀ, ਧਾਰਮਿਕ ਅਫਸਰ ਚਾਰ ਘੰਟੇ ਬਿਠਾ ਕੇ ਰੱਖਦਾ ਹੈ ਕਿ ਮੈਂ ਮਿਲ ਲਵਾਂਗਾ। ਫੇਰ ਤੁਹਾਨੂੰ ਚਾਰ ਘੰਟੇ ਕੋਈ ਤਕਲੀਫ ਨਹੀਂ ਹੁੰਦੀ, ਮਹਿਸੂਸ ਹੀ ਨਹੀਂ ਹੁੰਦਾ ਕਿ ਮੈਂ ਚਾਰ, ਅੱਠ, ਦਸ ਘੰਟੇ ਤੋਂ ਬੈਠਾ ਹਾਂ। ਕਿਉਂਕਿ ਮੀਟਿੰਗ ਤੋਂ ਬਾਅਦ ਮਿਲਣ ਲਈ ਕਿਹਾ ਗਿਆ ਹੈ। ਮੀਟਿੰਗ ਸਵੇਰ ਤੋਂ ਲੈ ਕੇ ਸ਼ਾਮ ਤੱਕ ਹੁੰਦੀ ਰਹਿੰਦੀ ਹੈ। ਪਰ ਜੀਵ ਚੁੱਪ ਕਰਕੇ ਬੈਠਾ ਰਹਿੰਦਾ ਹੈ ਚਾਹੇ ਉਸ ਦੇ ਲੜਕੇ ਦੀ ਬਦਲੀ ਹੋਣੀ ਹੋਵੇ। ਉਹ ਅਫਸਰ ਚਾਹੇ ਕੰਮ ਕਰੇ ਜਾਂ ਨਾ ਕਰੇ ਪਰ ਜੀਵ ਦਸ ਬਾਰਾਂ ਘੰਟੇ ਇੰਤਜਾਰ ਕਰ ਲੈਂਦਾ ਹੈ। ਉਹ ਇਸ ਕਰਕੇ ਵਿਸ਼ਵਾਸ ਕਰਦਾ ਹੈ ਕਿਉਂਕਿ ਉਸ ਨੂੰ ਕਿਹਾ ਗਿਆ ਹੈ ਕਿ ਤੂੰ ਬੈਠ ਜਾ, ਅਸੀਂ ਮੀਟਿੰਗ ਤੋਂ ਬਾਅਦ ਵਿੱਚ ਮਿਲਾਂਗੇ। ਇਸ ਤਰ੍ਹਾਂ ਮਾਲਿਕ ਦੇ ਦਰਬਾਰ ਵਿੱਚ ਬਹੁਤ ਰੁਝੇਵੇਂ ਹਨ। ਉਹਨਾਂ ਦੇ ਦਰਬਾਰ ਵਿੱਚ ਅਨੇਕਾਂ ਫਰਿਆਦੀ ਖੜ੍ਹੇ ਹਨ ਉਹ ਪਤਾ ਨਹੀਂ ਪਹਿਲਾਂ ਕਿਸ ਦੀ ਫਰਿਆਦ ਸੁਣ ਰਹੇ ਹਨ।

*ਸੇਵਾ ਥੋਰੀ ਮਾਗਨੁ ਬਹੁਤਾ॥ (ਅੰਗ 738)*

ਅਸੀਂ ਸਿਮਰਨ ਘੱਟ ਕਰਦੇ ਹਾਂ ਅਤੇ ਸੋਚਦੇ ਹਾਂ ਕਿ ਸਾਡੀ ਵਾਰੀ ਸਭ ਤੋਂ ਪਹਿਲਾਂ ਆ ਜਾਵੇ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਅਗਰ ਆਪਾਂ ਇੰਤਜਾਰ ਕਰਾਂਗੇ ਫੇਰ ਉਹ ਸੱਦਣਹਾਰਾ ਸਾਨੂੰ ਬੁਲਾ ਕੇ ਆਪਣੇ ਕੋਲ ਬਿਠਾ ਕੇ ਪੁੱਛੇਗਾ ਕਿ ਦੱਸ ਤੈਨੂੰ ਕੀ ਚਾਹੀਦਾ ਹੈ। ਸੱਚਾ ਇਨਸਾਨ ਜਾਂ ਸੱਚਾ ਅਫਸਰ ਵੀ ਅਵੱਸ਼ ਕਹਿੰਦਾ ਹੈ ਕਿ ਤੈਨੂੰ ਬਹੁਤ ਇੰਤਜਾਰ ਕਰਨਾ ਪਿਆ ਹੈ। ਫੇਰ ਉਸ ਨੇ ਚਾਹੇ ਕੰਮ ਨਾ ਵੀ ਕਰਨਾ ਹੋਵੇ ਤਦ ਵੀ ਸੋਚਦਾ ਹੈ ਕਿ ਐਨੀ ਦੇਰ ਤੋਂ ਬੈਠਾ ਹੈ, ਇਹ ਬਹੁਤ ਚੰਗਾ ਜੀਵ ਹੈ ਇਸ ਦਾ ਕੰਮ ਕਰਾ ਦਿੱਤਾ ਜਾਵੇ। ਅਗਰ ਉਹ ਜੀਵ ਰੁੱਸ ਕੇ ਚਲਾ ਜਾਵੇ ਤਦ ਅਫਸਰ ਮੀਟਿੰਗ ਤੋਂ ਬਾਹਰ ਆ ਕੇ ਪੀ.ਏ. ਨੂੰ ਪੁੱਛਦੇ ਹਨ ਕਿ ਫਲਾਣੇ ਬੰਦੇ ਨੂੰ ਬੈਠਣ ਲਈ ਕਿਹਾ ਸੀ। ਪੀ.ਏ. ਦੱਸਦਾ ਹੈ ਕਿ ਉਹ ਤਾਂ ਚਲਾ ਗਿਆ ਹੈ, ਉਹ ਕਹਿੰਦਾ ਸੀ ਉਸ ਕੋਲ ਟਾਈਮ ਨਹੀਂ ਹੈ। ਅਫਸਰ ਝੱਟ ਕਹਿ ਦਿੰਦੇ ਹਨ ਕਿ ਫੇਰ ਸਾਡੇ ਕੋਲ ਵੀ ਟਾਈਮ ਨਹੀਂ ਹੈ। ਅਤੇ ਉਸ ਜੀਵ ਦਾ ਫੇਰ ਕਦੇ ਵੀ ਕੰਮ ਨਹੀਂ ਕਰਦੇ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਅਗਰ ਤੁਸੀਂ ਇੰਤਜਾਰ ਕਰ ਲਉ ਤਦ ਮਾਲਿਕ ਤੁਹਾਨੂੰ ਕੋਲ ਬਿਠਾ ਕੇ ਪੁੱਛਣਗੇ ਕਿ ਦੱਸ ਪੁੱਤਰ! ਤੈਨੂੰ ਕੀ ਚਾਹੀਦਾ ਹੈ।

**ਨਾਨਕ ਬਿਰਥਾ ਕੋਇ ਨ ਹੋਇ॥**
**ਐਸੀ ਦਰਗਹ ਸਾਚਾ ਸੋਇ॥੧॥**

ਜੋ ਵੀ ਜੀਵ ਇਸ ਤਰ੍ਹਾਂ ਮਾਲਿਕ ਦੇ ਪਾਸ ਜਾਂਦੇ ਹਨ ਉਹਨਾਂ ਦਾ ਉੱਥੇ ਜਾਣਾ ਵਿਅਰਥ ਨਹੀਂ ਜਾਂਦਾ। ਜੋ ਜੀਵ ਗੁਰੂ ਘਰ ਜਾਂਦਾ ਹੈ ਮਾਲਿਕ ਉਸ ਨੂੰ ਅਵੱਸ਼ ਬਖਸ਼ਿਸ਼ ਕਰਦੇ ਹਨ। ਦੇਰ-ਸਵੇਰ, ਅੱਗਾ-ਪਿੱਛਾ ਹੋ ਸਕਦਾ ਹੈ ਪਰ ਕਮੀ ਨਹੀਂ ਆ ਸਕਦੀ।

## ਗਾਰੜੂ ਮੰਤ੍ਰ

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥
ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥
ਨਾਨਕ ਸੇਈ ਉਬਰੇ ਜਿ ਸਚਿ ਰਹੇ ਲਿਵ ਲਾਇ ॥

*(ਗੁਜਰੀ ਕੀ ਵਾਰ ਮਹਲਾ ੩ ॥ ਪੰਨਾ 510)*

# ਸਤਿਸੰਗ

**ਰਾਮਕਲੀ ਮਹਲਾ ੫ ॥ (ਅੰਗ 896)**

**ਮਨ ਮਾਹਿ ਜਾਪਿ ਭਗਵੰਤੁ ॥**

**ਗੁਰਿ ਪੂਰੈ ਇਹੁ ਦੀਨੋ ਮੰਤੁ ॥**

ਬਾਣੀ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਰਤਾਜ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਕਦੀ ਵੀ ਲੋਕ ਦਿਖਾਵਾ ਨਹੀਂ ਕਰਨਾ। ਮਨ ਵਿੱਚ ਖਿਆਲ ਦੁਆਰਾ ਭਗਤੀ ਕਰਨੀ ਹੈ।

*ਉਤਰਿ ਅਵਘਟਿ ਸਰਵਰਿ ਨਾਵੈ ॥*

*ਬਕੈ ਨ ਬੋਲੈ ਹਰਿ ਗੁਣ ਗਾਵੈ ॥ (ਅੰਗ 411)*

ਜਦੋਂ ਤੁਸੀਂ ਬੋਲ ਕੇ ਕੁਝ ਕਰਦੇ ਹੋ ਤਾਂ ਵਾਦ-ਵਿਵਾਦ ਖੜ੍ਹੇ ਹੋ ਜਾਂਦੇ ਹਨ। ਸਾਈਂ ਬੁਲ੍ਹੇ ਸ਼ਾਹ ਫ਼ੁਰਮਾਉਂਦੇ ਹਨ ਕਿ

*ਤੂੰ ਕਾਫ਼ਰ ਹੋਇਉਂ ਜੱਗ ਦਾ ਤੈਨੂੰ ਹੋਈ ਮੁਲਾਮਤ ਲਾਖ।*

*ਤੈਨੂੰ ਕਾਫ਼ਰ ਕਾਫ਼ਰ ਆਖਦੇ ਤੂੰ ਅਉ ਅਉ ਆਖ।*

ਅਗਰ ਤੁਸੀਂ ਮਨ ਵਿੱਚ ਸਿਮਰਨ ਕਰੋਗੇ ਤੁਹਾਨੂੰ ਕੋਈ ਬਿਪਤਾ ਨਹੀਂ ਪਵੇਗੀ।

ਉਦਾਹਰਨ ਦੇ ਤੌਰ ਤੇ ਕੋਈ ਤੋਤਾ ਸੀ। ਉਸ ਨੂੰ ਕਿਸੇ ਸਾਧੂ ਨੇ ਕਿਹਾ ਕਿ ਪੁੱਤਰ ਰਾਮ-ਰਾਮ, ਰਾਮ-ਰਾਮ ਦਾ ਜਾਪ ਕਰਿਆ ਕਰ। ਉਸਨੇ ਬਚਨ ਮਨ ਲਿਆ ਅਤੇ ਰਾਮ-ਰਾਮ ਕਹਿਣਾ ਸ਼ੁਰੂ ਕਰ ਦਿੱਤਾ। ਜੋ ਰਾਮ ਦੇ ਪਿਆਰੇ ਜੀਵ ਸਨ ਉਹਨਾਂ ਨੇ ਉਸ ਤੋਤੇ ਨੂੰ ਖਰੀਦ ਕੇ ਪਿੰਜਰੇ ਵਿੱਚ ਬੰਦ ਕਰ ਲਿਆ। ਉਸ ਨੂੰ ਚੂਰੀ ਪਾਉਣੀ ਅਤੇ ਸਵੇਰੇ ਤੋਤੇ ਤੋਂ ਰਾਮ-ਰਾਮ ਸੁਣਨਾ। ਤੋਤੇ ਨੇ ਪਹਿਲਾਂ ਪਹਿਲਾਂ ਤਾ ਬੜੀ ਰੀਝ ਨਾਲ ਰਾਮ-ਰਾਮ, ਰਾਮ-ਰਾਮ ਕਰਨਾ ਪਰ ਸਮਾਂ ਪਾ ਕੇ ਕੈਦ ਤੋਂ ਤੰਗ ਆ ਗਿਆ। ਉਹ ਹੀ ਸਾਧੂ ਘੁੰਮਦੇ-ਘੁੰਮਦੇ ਉਸ ਘਰ ਵਿੱਚ ਆਏ ਅਤੇ ਤੋਤੇ ਨੂੰ ਪੁੱਛਣ ਲੱਗੇ ਸੁਣਾ ਕੀ ਹਾਲ ਹੈ? ਤੋਤੇ ਨੇ ਉੱਤਰ ਦਿੱਤਾ ਬੜੀ ਬੁਰੀ ਹਾਲਤ ਹੈ। ਚੰਗੇ ਭਲੇ ਆਜਾਦ ਉਡੱਦੇ ਫਿਰਦੇ ਸੀ। ਜਦੋਂ ਦੇ ਰਾਮ-ਰਾਮ ਕਰਨ ਲੱਗੇ ਹਾਂ ਪਿੰਜਰੇ ਵਿੱਚ ਬੰਦ ਹੋਏ ਪਏ ਹਾਂ। ਸਾਧੂ ਕਹਿਣ ਲੱਗੇ ਅਸੀਂ ਤੈਨੂੰ ਇਹ ਤਾਂ ਨਹੀਂ ਸੀ ਕਿਹਾ ਸੀ ਕਿ ਤੂੰ ਉੱਚੀ-ਉੱਚੀ ਰੌਲਾ ਪਾ। ਤੂੰ ਮੂੰਹ ਵਿੱਚ ਰਾਮ-ਰਾਮ ਕਰਿਆ ਕਰ। ਤੋਤੇ ਨੇ ਕਿਹਾ ਠੀਕ ਹੈ। ਘਰ ਵਾਲੇ ਬਥੇਰੀਆਂ ਚੂਰੀਆਂ ਪਾਉਣ ਪਰ ਉਸ ਨੇ ਉੱਚੀ ਆਵਾਜ਼ ਵਿਚ ਰਾਮ-ਰਾਮ ਕਹਿਣਾ ਬੰਦ ਕਰ ਦਿੱਤਾ। ਉਹਨਾਂ ਨੇ ਸੋਚਿਆ ਇਹ ਹੁਣ ਸਾਨੂੰ ਰਾਮ-ਰਾਮ ਨਹੀਂ ਸੁਣਾਉਂਦਾ। ਇਸ ਨੂੰ ਹੁਣ ਚੂਰੀ ਕਿਉਂ ਪਾਉਣੀ ਹੈ। ਉਹਨਾਂ ਨੇ ਪਿੰਜਰਾ ਖੋਲ ਦਿੱਤਾ ਅਤੇ ਤੋਤਾ ਉੱਡ ਕੇ ਬਨੇਰੇ ਉੱਪਰ ਜਾ ਬੈਠਾ ਤੇ ਕਹਿਣ ਲੱਗਾ ਓ ਘਰ ਵਾਲਿਉ!

ਰਾਮ-ਨਾਮ ਸਤ ਹੈ, ਪਰ ਘੁੰਡੀ ਸੰਤਾਂ ਦੇ ਹੱਥ ਹੈ।

ਉਸਨੇ ਕਿਹਾ ਮੈਂ ਬੋਲ ਕੇ ਰਾਮ-ਰਾਮ ਕਰਦਾ ਸੀ ਤਾਂ ਪਿੰਜਰੇ ਵਿੱਚ ਪੈ ਗਿਆ ਸੀ। ਹੁਣ ਮੂੰਹ ਵਿੱਚ ਕਹਿਣਾ ਸ਼ੁਰੂ ਕੀਤਾ ਹੈ ਤਾਂ ਆਜਾਦ ਹੋ ਗਿਆ ਹਾਂ। ਸੋਈ ਅਸੀਂ ਵੀ ਪਿੰਜਰੇ ਵਿੱਚ ਪੈ ਜਾਵਾਂਗੇ ਜੇਕਰ ਅਸੀ ਲੋਕਾਂ ਵਿੱਚ ਰੌਲਾ ਪਾਵਾਂਗੇ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਪੂਰਨ ਸਾਧੂ ਹੀ ਇਹ ਮੰਤਰ ਅਤੇ ਜੁਗਤੀ ਦੱਸਦੇ ਹਨ। ਵਰਨਾ ਤੁਸੀਂ ਕਈ ਵਾਰ ਬਹੁਤਾ ਰਾਮ-ਰਾਮ ਕਹਿ ਕੇ ਵੀ ਫਸ ਜਾਂਦੇ ਹੋ। ਇਸ ਕਰਕੇ ਜੁਗਤੀ ਅਨੁਸਾਰ ਭਗਤੀ ਕਰਨੀ ਚਾਹੀਦੀ ਹੈ।

*ਵਸਤੁ ਕਹੀਂ ਢੂੰਢੇ ਕਹੀਂ*

*ਕਿਸ ਬਿਧਿ ਆਵੈ ਹਾਥ ॥*

*ਕਹਿ ਕਬੀਰ ਤਬ ਪਾਈਐ*

*ਜਉ ਭੇਦੀ ਲੀਜੈ ਸਾਥ ॥*

ਜਦੋਂ ਤੱਕ ਭੇਦੀ ਨਹੀਂ ਮਿਲਦਾ ਰੱਬ ਦਾ ਨਾਮ ਲੈਣਾ ਵੀ ਕਠਿਨ ਹੋ ਜਾਂਦਾ ਹੈ।

**ਮਿਟੇ ਸਗਲ ਭੈ ਤ੍ਰਾਸ ॥ ਪੂਰਨ ਹੋਈ ਆਸ ॥੧॥**

ਸਿਮਰਨ ਕਰਨ ਨਾਲ ਜਿੰਨੇ ਵੀ ਭੈ, ਖ਼ੌਫ ਵਹਿਮ ਹਨ ਉਹ ਸਾਰੇ ਖਤਮ ਹੋ ਜਾਣਗੇ ਅਤੇ ਹਜ਼ੂਰ ਸਾਡੀਆਂ ਆਸ਼ਾਵਾਂ ਪੂਰੀਆਂ ਕਰਨਗੇ।

**ਸਫ਼ਲ ਸੇਵਾ ਗੁਰਦੇਵਾ ॥**

ਸਾਧੂਆਂ ਦੀ ਲਾਈ ਹੋਈ ਸੇਵਾ ਤੋਂ ਵੱਡੀ ਦੁਨੀਆਂ ਵਿੱਚ ਹੋਰ ਕੋਈ ਸੇਵਾ ਨਹੀਂ ਹੈ। ਇਕ ਵਾਰ ਅਸੀਂ ਧਿਆਨਪੁਰ ਗਏ। ਸੁੱਚਾ ਸਿੰਘ ਸਾਡੇ ਨਾਲ ਸੀ। ਉਦੋਂ ਕਣਕਾਂ ਦੀ ਬਿਜਾਈ ਹੋ ਰਹੀ ਸੀ। ਹਜ਼ੂਰ ਨੇ ਸਾਨੂੰ ਬੁਲਾ ਕੇ ਕਿਹਾ ਕਿ ਪੁੱਤਰ! ਅੱਜ ਤੂੰ ਸਿੱਧਾ ਸ਼ੇਰ ਪੁਰ ਲੁਧਿਆਣੇ ਜਾਣਾ ਹੈ। ਉਥੇ ਕਣਕ ਕੱਟਣ ਵਾਲੇ ਥਰੈਸ਼ਰ ਬਣਦੇ ਹਨ। ਉਸ ਦੀ ਸਾਈ ਦੇ ਕੇ ਆਉਣੀ ਹੈ। ਵੇਖੀ ਕਿਤੇ ਗਲਤੀ ਨਾ ਕਰੀਂ। ਸਿੱਧਾ ਲੁਧਿਆਣੇ ਜਾਵੀਂ। ਅਸੀਂ ਸੋਚਿਆ ਕਿ ਲੋਕ ਅਜੇ ਕਣਕਾਂ ਬੀਜ ਰਹੇ ਹਨ। ਕਦੋਂ ਕਣਕਾਂ ਵਡੀਆਂ ਹੋਣੀਆਂ, ਨਿਸਰਨੀਆਂ, ਪੱਕਣੀਆਂ ਹਨ ਅਤੇ ਵਿਸਾਖ-ਜੇਠ ਵਿੱਚ ਵਾਢੀ ਪੈਣੀ ਹੈ। ਅਸੀਂ ਸੋਚਿਆ ਥਰੈਸ਼ਰ ਕਿਹੜਾ ਹੁਣੇ ਚਾਹੀਦਾ ਹੈ। ਸਵੇਰੇ ਉੱਠ ਕੇ ਨਹਾ ਧੋ ਕੇ ਥਰੈਸ਼ਰ ਦੀ ਸਾਈ ਦੇ ਆਵਾਗੇਂ। ਹੁਣ ਸਿੱਧਾ ਥਾਣੇ ਚਲਦੇ ਹਾਂ। ਜਾਂਦਿਆਂ ਨੂੰ ਥਾਣੇ ਨੂੰ ਘੇਰਾ ਪਿਆ ਹੋਇਆ ਸੀ। ਹਰੀ ਸਿੰਘ ਕੋਲੋਂ ਬੰਦਾ ਮਰਿਆ ਸੀ। ਉਥੇ ਨਵਾਂ ਸ਼ਹਿਰ ਬੜਾ ਰੌਲਾ ਪੈ ਰਿਹਾ ਸੀ। ਥਾਣੇਦਾਰ ਟੈਲੀਫੋਨ ਤੇ ਟੈਲੀਫੋਨ ਅਤੇ ਵਾਇਰਲੈੱਸ

ਕਰੀ ਜਾਣ ਕਿ ਜਲਦੀ ਪਹੁੰਚੋ। ਉਹਨਾਂ ਨੇ ਜਦੋਂ ਸਾਡਾ ਮੋਟਰਸਾਈਕਲ ਦੇਖਿਆ ਸੋਚਣ ਲੱਗੇ ਚੰਗਾ ਹੋਇਆ ਆ ਗਏ ਹਨ। ਅਸੀਂ ਪਹੁੰਚ ਕੇ ਉਹਨਾਂ ਨੂੰ ਬਹੁਤ ਸਮਝਾਇਆ ਪਰ ਉਥੇ ਵਾਦ-ਵਿਵਾਦ ਖੜਾ ਹੋ ਗਿਆ। ਅਸੀ ਐਕਸ਼ਨ ਕਰਵਾ ਦਿੱਤਾ ਅਤੇ ਸਾਨੂੰ ਸਵੇਰੇ ਲਾਈਨ ਹਾਜ਼ਿਰ ਕਰਵਾ ਦਿੱਤਾ ਗਿਆ। ਅਸੀਂ ਲਾਇਨ ਹਾਜ਼ਿਰ ਹੋਏ,ਇੰਨਕੁਆਰੀ ਕਰਕੇ ਦੋ ਦਿਨ ਬਾਦ ਸਾਨੂੰ ਭੇਜ ਦਿੱਤਾ। ਅਸੀਂ ਹਜ਼ੂਰ ਕੋਲ ਆ ਕੇ ਮੱਥਾ ਟੇਕ ਕੇ ਬੇਨਤੀ ਕੀਤੀ ਸੱਚੇ ਪਾਤਿਸ਼ਾਹੋ! ਇੰਜ ਲਾਈਨ ਹਾਜ਼ਿਰ ਹੋ ਗਏ ਹਾਂ। ਹਜ਼ੂਰ ਕਹਿਣ ਲੱਗੇ ਹੋਰ ਨਾ ਆਖਾ ਮੰਨ। ਤੈਨੂੰ ਕਿਹਾ ਸੀ ਲੁਧਿਆਣੇ ਜਾਵੀਂ। ਅਗਰ ਤੂੰ ਲੁਧਿਆਣੇ ਚਲਾ ਜਾਂਦਾ ਉਹਨਾਂ ਨੇ ਰੋਲਾ ਪਾ ਕੇ ਸੌਂ ਜਾਣਾ ਸੀ ਅਤੇ ਤੂੰ ਬਚੇ ਰਹਿਣਾ ਸੀ। ਸੋਈ ਜੋ ਸਾਧੂ ਸੇਵਾ ਲਾਉਂਦੇ ਹਨ ਉਹ ਜੀਵ ਦੇ ਭਲੇ ਲਈ ਲਾਉਂਦੇ ਹਨ।

*ਲੋਕ ਕਹੇ ਕਾਨਨ ਕੀ ਸਾਖੀ।*
*ਸੰਤ ਕਹੇਂ ਨੈਨਨ ਕੀ ਪੇਖੀ।*

ਅਸੀਂ ਲੋਕਾਂ ਦੀਆਂ ਗੱਲਾਂ, ਸਾਖੀਆਂ ਅਤੇ ਕਿਤਾਬਾਂ ਨੂੰ ਸੱਚ ਮੰਨ ਲੈਂਦੇ ਹਾਂ ਪਰ ਸਾਧੂਆਂ ਦੇ ਬਚਨ ਨਹੀਂ ਮੰਨਦੇ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਸਾਧੂ ਦੀ ਸੰਗਤ ਕਰਕੇ ਜੋ ਸੇਵਾ ਮਿਲਦੀ ਹੈ ਉਹ ਐਨੀ ਸਫ਼ਲ ਹੁੰਦੀ ਹੈ ਕਿ ਕਾਲ ਵੀ ਉੱਥੇ ਥਰੀਅਲ-ਥਰੀਅਲ ਕੰਬਦਾ ਹੈ।

*ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੈ ਚਿਤੁ ਲਾਇ॥*
*(ਅੰਗ 644)*

ਸ਼ਰਤ ਇਹ ਹੈ ਕਿ ਜੀਵ ਉਸ ਸੇਵਾ ਨੂੰ ਚਿੱਤ ਲਾ ਕੇ ਕਰੇ। ਚੱਟੀ ਨਾ ਭਰੇ ਕਿ ਮਹਾਰਾਜ ਨੇ ਕਹਿ ਦਿੱਤਾ ਹੈ ਕਿ ਹੁਣ ਨਾ ਜਾਈਏ ਤਦ ਵੀ ਫਸਦੇ ਹਾਂ। ਬੱਧੇ ਚੱਟੀ ਨਹੀਂ ਭਰਨੀ। ਸਾਨੂੰ ਚਾਅ ਹੋਣਾ ਚਾਹੀਦਾ ਹੈ ਕਿ ਅੱਜ ਅਸੀਂ ਸੇਵਾ ਕਰਨ ਚੱਲੇ ਹਾਂ। ਫੇਰ ਦੇਖੋ ਕਿੰਨੀਆਂ ਖੁਸ਼ੀਆਂ ਮਿਲਦੀਆਂ ਹਨ। ਸਾਧੂਆਂ ਦੀ ਸੇਵਾ ਬੜੀ ਸਫ਼ਲ ਅਤੇ ਸੰਪੂਰਨ ਹੁੰਦੀ ਹੈ ਪਰ ਜੇਕਰ ਆਪਾਂ ਚਿਤ ਲਾ ਕੇ ਕਰੀਏ।

**ਕੀਮਤਿ ਕਿਛੁ ਕਹਣੁ ਨ ਜਾਈ**

**ਸਾਚੇ ਸਚੁ ਅਲਖ ਅਭੇਵਾ॥੧॥ ਰਹਾਉ॥**

ਸੇਵਾ ਦਾ ਜੋ ਫਲ ਮਿਲਦਾ ਹੈ ਉਹ ਪੈਸਿਆਂ ਨਾਲ ਨਹੀਂ ਲੱਭ ਸਕਦਾ। ਉਸ ਦਾ ਭੇਦ ਅਤੇ ਉਸਦੀ ਗਤ ਮਿਤ ਵੀ ਕੋਈ ਨਹੀਂ ਪਾ ਸਕਦਾ। ਸਾਧੂ ਗੱਲ ਕਿਤੇ ਕਰ ਰਹੇ ਹੁੰਦੇ ਹਨ ਅਤੇ ਬਖਸ਼ਿਸ਼ ਕਿਤੇ ਹੋ ਰਹੀ ਹੁੰਦੀ ਹੈ। ਅਲਖ ਅਭੇਵਾ ਅਰਥਾਤ ਜੋ ਲਿਖਣ ਵਿੱਚ ਨਹੀਂ ਆਉਂਦਾ, ਦੇਖਣ ਵਿੱਚ ਨਹੀਂ ਆਉਂਦਾ। ਭੇਦ ਪਤਾ ਨਹੀਂ ਲੱਗਦਾ। ਉਹ ਗੱਲ ਸਾਧੂਆਂ ਦੀ ਸਮਝ ਵਿੱਚ ਹੁੰਦੀ ਹੈ।

**ਕਰਨ ਕਰਾਵਣ ਆਪਿ॥**

**ਤਿਸ ਕਉ ਸਦਾ ਮਨ ਜਾਪਿ॥**

ਕਰਨਾ ਤਾਂ ਉਹਨਾਂ ਨੇ ਆਪ ਹੀ ਹੈ ਹੁੰਦਾ ਹੈ, ਪਰ ਉਹ ਦੇਖਦੇ ਹਨ ਕਿ ਸਾਡਾ ਕਿਹਾ ਜੀਵ ਮੰਨਦੇ ਹਨ ਜਾਂ ਨਹੀਂ। ਅਗਰ ਕੋਈ ਬੱਚਾ ਆਗਿਆ ਵਿੱਚ ਨਹੀਂ ਰਹਿੰਦਾ ਤਾਂ ਮਾਪੇ ਬੇਦਖਲ ਕਰ ਦਿੰਦੇ ਹਨ। ਅਗਰ ਕੋਈ ਨੌਕਰੀ ਠੀਕ ਤਰ੍ਹਾਂ ਨਹੀਂ ਕਰਦਾ ਤਦ ਉਸ ਨੂੰ ਡਿਸਮਿਸ ਕਰ ਦਿੰਦੇ ਹਨ। ਚੰਗੇ ਭਲੇ ਵੱਸਦੇ ਪਰਿਵਾਰਾਂ ਵਿੱਚ ਬਖੇੜੇ ਪੈ ਜਾਂਦੇ ਹਨ। ਘਰਵਾਲਾ ਘਰਵਾਲੀ ਅੱਲਗ ਅੱਲਗ ਹੋ ਜਾਂਦੇ ਹਨ। ਸੋਈ

*ਜਿਸ ਨੇ ਕਹਿਣਾ ਨਹੀਂ ਜੀ। ਉਸ ਨੇ ਲੈਣਾ ਵੀ ਕੀ।*

ਸਾਰਾ ਕੰਮ ਗੁਰਪ੍ਰਸਾਦੀ ਹੋਣ ਨਾਲ ਸਤਿਬਚਨ ਕਰਨ ਨਾਲ ਠੀਕ ਹੁੰਦਾ ਹੈ। ਸਾਧੂ ਮਤੇ ਵਿੱਚ ਉਹ ਕੰਮ ਤਾਂ ਆਪ ਹੀ ਕਰਦੇ ਹਨ ਪਰ ਦੇਖਦੇ ਹਨ ਕਿ ਕੀ ਇਹ ਜੀਵ ਸਾਡੀ ਆਗਿਆ ਵਿੱਚ ਹੈ? ਕਿਉਂਕਿ

*ਗੁਰ ਨਹੀ ਭੂਖਾ ਤੇਰੇ ਧਨ ਕਾ।*
*ਉਨ ਕੇ ਪਾਸ ਧਨ ਨਾਮ ਕਾ।*
*ਉਹ ਤਾਂ ਭੁਖੇ ਨੰਗੇ ਕੋ ਦਿਲਵਾਵੇਂ।*
*ਤੋ ਤੇਰਾ ਉਪਕਾਰ ਕਰਾਵੇਂ।*

ਹੁਣ ਹਜ਼ੂਰ ਨੇ ਸਾਨੂੰ ਸਭ ਕੁਝ ਬਖਸ਼ਿਆ ਹੈ। ਅਸੀਂ ਆਪਣਾ ਇਲਾਜ ਕਿਤਿਉਂ ਵੀ ਕਰਵਾ ਸਕਦੇ ਹਾਂ। ਚਾਹੇ ਪੀ. ਜੀ. ਆਈ, ਸੀ. ਐਮ. ਸੀ, ਡੀ. ਐਮ. ਸੀ, ਦਿੱਲੀ, ਬੰਬਈ ਜਾਂ ਵਿਦੇਸ਼ ਚਲੇ ਜਾਈਏ। ਪਰ ਸਾਡਾ ਲਕਸ਼ ਇਹ ਨਹੀਂ ਹੈ। ਜਦੋਂ ਪਹਿਲੀ ਵਾਰ ਅਸੀਂ ਇੱਥੇ ਅਪਰੇਸ਼ਨ ਕਰਵਾਉਣ ਲੱਗੇ ਤਦ ਡਾਕਟਰ ਕਹਿਣ ਲੱਗੇ ਬਾਬਾ ਜੀ! ਤੁਸੀਂ ਇੱਥੇ ਅਪਰੇਸ਼ਨ ਨਾ ਕਰਵਾਉ। ਅਸੀਂ ਕਿਹਾ ਬਾਹਰ ਕਿਉਂ ਕਰਵਾਈਏ? ਲੋਕ ਸੋਚਣਗੇ ਕਿ ਇਹ ਡਾਕਟਰ ਸਾਡੇ ਲਈ ਹੀ ਰੱਖੇ ਹਨ। ਅਸੀਂ ਕਿਹਾ ਅਸੀਂ ਅਪਰੇਸ਼ਨ ਇਥੇ ਹੀ ਕਰਵਾਉਣਾ ਹੈ ਚਾਹੇ ਠੀਕ ਹੋਈਏ ਜਾਂ ਨਾ ਹੋਈਏ। ਸੰਗਤ ਨੂੰ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਐਨੇ ਸੀਨੀਅਰ ਡਾਕਟਰ ਅਤੇ ਕੀਮਤੀ ਮਸ਼ੀਨਾਂ ਰੱਖੀਆਂ ਹਨ। ਅੱਜ ਕੱਲ ਇਲਾਜ ਬਹੁਤ ਮਹਿੰਗਾ ਹੈ। ਲੋਕਾਂ ਦੀ ਪਹੁੰਚ ਤੋਂ ਬਾਹਰ ਹੈ। ਹੁਣ ਦੇਖੋ ਬਾਹਰਲੇ ਹਸਪਤਾਲਾਂ ਵਿੱਚ ਇਕ ਦਿਨ ਦਾ ਆਈ.ਸੀ.ਯੂ. ਦਾ ਖਰਚਾ ਤੀਹ ਹਜ਼ਾਰ ਰੁਪਏ ਤੱਕ ਲੈ ਰਹੇ ਹਨ ਪਰ ਅਸੀਂ ਦੋ ਹਜ਼ਾਰ ਲੈ ਰਹੇ ਹਾਂ। ਲੈਂਜ਼ ਦੀ ਪਵਾਈ ਅੱਠ ਹਜ਼ਾਰ ਦਸ ਹਜ਼ਾਰ ਰੁਪਿਆ ਲੈ ਰਹੇ ਹਨ ਪਰ ਅਸੀਂ ਦੋ ਹਜ਼ਾਰ ਲੈ ਰਹੇ ਹਾਂ। ਅੱਗੇ ਪਿੱਛੇ ਅਠੱਤੀ ਸੌ ਪਰ ਕੈਂਪ ਵਾਲੇ ਦਿਨ ਦੋ ਹਜ਼ਾਰ ਲੱਗਦੇ ਹਨ। ਚਾਹੇ ਇੱਥੋਂ ਪਵਾਉ ਜਾਂ ਮੁਸਤਫ਼ਾਬਾਦ ਤੋਂ ਪਵਾਉ। ਡਿਸਚਾਰਜ ਕਾਰਡ ਉੱਪਰ ਸਟਿਕਰ ਲਗਾ ਕੇ ਦੇਈਦਾ ਹੈ ਕਿ ਇਸ ਵਿੱਚ ਇਸ ਕੁਆਲਟੀ ਦਾ ਲੈਂਜ਼

ਪਾਇਆ ਗਿਆ ਹੈ। ਅਗਰ ਕੋਈ ਸਾਬਤ ਕਰ ਦੇਵੇ ਕਿ ਇਸ ਅੱਖ ਵਿੱਚ ਆਹ ਲੈਂਜ਼ ਨਹੀਂ ਪਿਆ ਤਦ ਅਸੀਂ ਜ਼ਿੰਮੇਵਾਰ ਹਾਂ। ਸਾਨੂੰ ਵੀ ਕਈ ਕਹਿੰਦੇ ਹਨ ਕਿ ਇੰਝ ਕਰ ਲਈਏ। ਅਸੀਂ ਕਿਹਾ ਫੇਰ ਲੋਕਾਂ ਦਾ ਵਿਸ਼ਵਾਸ ਜਾਂਦਾ ਰਹੇਗਾ ਕਿ ਬਾਬਾ ਜੀ ਦੇ ਹਸਪਤਾਲ ਵਿੱਚ ਵੀ ਗਲਤ ਕੰਮ ਹੋ ਰਿਹਾ ਹੈ। ਉਹ ਤਾਂ ਗੁਰਬਾਣੀ ਨੂੰ ਮੰਨਦੇ ਹਨ ਫੇਰ

ਮਾੜਾ ਕੁੱਤਾ ਖਸਮੇ ਗਾਲ।

ਜੇਕਰ ਕੋਈ ਗੁਰਬਾਣੀ ਨੂੰ ਉਂਗਲ ਕਰਦਾ ਹੈ ਤਦ ਸਾਡਾ ਜਿਉਣਾ ਹਰਾਮ ਹੈ। ਫੇਰ ਅਸੀਂ ਗੁਰਬਾਣੀ ਦੇ ਕਪੂਤ ਬਣਦੇ ਹਾਂ। ਸਾਨੂੰ ਆਪਣੇ ਇਸ਼ਟ ਨੂੰ ਮੰਨਣ ਵਾਸਤੇ ਬਹੁਤ ਖਿਆਲ ਰੱਖਣਾ ਪੈਂਦਾ ਹੈ ਕਿ ਸਾਡੀ ਗਲਤੀ ਨਾਲ ਕਿਤੇ ਸੰਸਥਾ ਬਦਨਾਮ ਨਾ ਹੋਵੇ। ਸਾਡੀ ਗਲਤੀ ਨਾਲ ਕੋਈ ਸ਼ਬਦ ਰੂਪੀ ਗੁਰਬਾਣੀ ਵੱਲ ਉਂਗਲ ਨਾ ਕਰੇ। ਅਗਰ ਸੰਗਤ ਵਿੱਚ ਐਸੀ ਭਾਵਨਾ ਆ ਜਾਵੇ ਤਦ ਸਾਰੀ ਦੁਨੀਆਂ ਸਲਾਮਾਂ ਕਹੇਗੀ।

*ਜਿਨ੍ ਨਾਨਕੁ ਸਤਿਗੁਰੁ ਪੂਜਿਆ*

*ਤਿਨ ਹਰਿ ਪੂਜ ਕਰਾਵਾ ॥੨॥ (ਅੰਗ 450)*

ਜਿਸ ਨੇ ਗੁਰਬਾਣੀ ਦੀ ਪੂਜਾ ਕੀਤੀ ਹੈ ਦੁਨੀਆਂ ਉਸ ਨੂੰ ਮਸਤਕ ਟੇਕਦੀ ਆਈ ਹੈ ਅਤੇ ਅਗਾਂਹ ਵੀ ਟੇਕਦੀ ਰਹੇਗੀ। ਪਰ ਐਸਾ ਰਾਜ਼ ਅਤੇ ਭੇਦ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ।

**ਤਿਸ ਕੀ ਸੇਵਾ ਕਰਿ ਨੀਤ**

**ਸਚੁ ਸਹਜੁ ਸੁਖੁ ਪਾਵਹਿ ਮੀਤ ॥੨॥**

ਰੋਜ਼ ਰੋਜ਼ ਐਸੇ ਬਚਨ ਮੰਨ ਕੇ ਸੇਵਾ ਕਰੋ। ਮਾਲਿਕ ਤੁਹਾਨੂੰ ਰੋਜ਼ ਰੋਜ਼ ਖੁਸ਼ੀਆਂ ਬਖਸ਼ਣਗੇ।

**ਸਾਹਿਬੁ ਮੇਰਾ ਅਤਿ ਭਾਰਾ ॥**

**ਖਿਨ ਮਹਿ ਥਾਪਿ ਉਥਾਪਨਹਾਰਾ ॥**

ਮੇਰਾ ਸਾਹਿਬ ਭਾਰਾ ਅਰਥਾਤ ਸ਼ਕਤੀਸ਼ਾਲੀ ਬਲਵਾਨ ਹੈ। ਉਸ ਕੋਲ ਸਾਰੀਆਂ ਸ਼ਕਤੀਆਂ ਹਨ। ਉਸ ਦੇ ਐਸੇ ਬਚਨ ਹਨ ਕਿ ਉਹ ਜਿਸ ਨੂੰ ਮਰਜ਼ੀ

*ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ ॥*
*(ਅੰਗ 537)*

ਕੀੜੇ ਨੂੰ ਚੁੱਕ ਕੇ ਬਾਦਸ਼ਾਹੀ ਬਖਸ਼ ਸਕਦੇ ਹਨ। ਉਹ ਬਹੁਤ ਦਿਆਲੂ, ਕਿਰਪਾਲੂ ਅਤੇ ਸ਼ਕਤੀਵਾਨ ਹਨ। ਜ਼ਰੂਰੀ ਨਹੀਂ ਹੈ ਕਿ ਸ਼ਕਤੀ ਜ਼ੋਰ ਦੀ ਹੋਵੇ। ਕਿਸੇ ਖਾਸ ਪੈੱਨ ਦੀ ਵੀ ਸ਼ਕਤੀ ਹੁੰਦੀ ਹੈ। ਕਾਗਜ ਉੱਪਰ ਲਿਖਿਆ ਮਿਟ ਨਹੀਂ ਸਕਦਾ। ਕਈ ਜ਼ੁਬਾਨ ਦੇ ਪੱਕੇ ਹੁੰਦੇ ਹਨ।

*ਸੂਰਬੀਰ ਬਚਨ ਕੇ ਬਲੀ ॥*

*ਕਉਲਾ ਬਪੁਰੀ ਸੰਤੀ ਛਲੀ ॥੩॥ (ਅੰਗ 392)*

ਸਾਧੂ ਬਚਨਾਂ ਦੇ ਬਲੀ ਹੁੰਦੇ ਹਨ

*ਉਨਕਾ ਕੀਆ ਕੋਈ ਨ ਟਾਰੇ ॥*

*ਈਸਰ ਪ੍ਰਮੇਸ਼ਰ ਸਭ ਹਾਰੇ ॥*

ਜਿੱਥੇ ਪੂਰਨ ਸਾਧੂ ਬਚਨ ਕਰ ਦਿੰਦੇ ਹਨ ਉਥੇ ਪ੍ਰਮੇਸ਼ਵਰ ਵੀ ਗੋਡੇ ਟੇਕ ਦਿੰਦਾ ਹੈ।

**ਤਿਸੁ ਬਿਨੁ ਅਵਰੁ ਨ ਕੋਈ ॥**

**ਜਨ ਕਾ ਰਾਖਾ ਸੋਈ ॥੩॥**

ਸਾਧੂ ਹਰੀ ਦੇ ਜਨ ਹੁੰਦੇ ਹਨ।

*ਹਰਿ ਜੁਗੁ ਜੁਗੁ ਭਗਤ ਉਪਾਇਆ*

*ਪੈਜ ਰਖਦਾ ਆਇਆ ਰਾਮ ਰਾਜੇ ॥*

*ਹਰਣਾਖਸੁ ਦੁਸਟੁ ਹਰਿ ਮਾਰਿਆ*

*ਪ੍ਰਹਲਾਦੁ ਤਰਾਇਆ ॥ (ਅੰਗ 451)*

ਸਾਧੂਆਂ ਦੇ ਬਚਨਾਂ ਦੀ ਰਾਖੀ ਭਗਵਾਨ ਆਪ ਆ ਕੇ ਕਰਦੇ ਹਨ ਕਿ ਇਹ ਮੇਰੇ ਬੱਚੇ ਹਨ ਇਹਨਾਂ ਨੂੰ ਆਂਚ ਨਹੀਂ ਆਉਣੀ ਚਾਹੀਦੀ।

**ਕਰਿ ਕਿਰਪਾ ਅਰਦਾਸਿ ਸੁਣੀਜੈ ॥**

**ਅਪਨੇ ਸੇਵਕ ਕਉ ਦਰਸਨੁ ਦੀਜੈ।**

ਮਾਲਿਕ ਕੋਲ ਬੇਨਤੀ ਕਰੋ ਕਿ ਸੱਚੇ ਪਾਤਿਸ਼ਾਹੋ! ਮੇਰੀ ਅਰਦਾਸ ਜੋਦੜੀ ਸੁਣੋ ਅਤੇ ਮੈਨੂੰ ਆਪਣੇ ਦਰਸ਼ਨ ਬਖਸ਼ੋ।

*ਦਰਸਨੁ ਦੇਖਿ ਜੀਵਾ ਗੁਰ ਤੇਰਾ ॥*

*ਪੂਰਨ ਕਰਮੁ ਹੋਇ ਪ੍ਰਭ ਮੇਰਾ ॥੧॥ (ਅੰਗ 742)*

ਜੀਵ ਦੇ ਸਭ ਤੋਂ ਵੱਡੇ ਭਾਗ ਹਨ ਕਿ ਸਿਮਰਨ ਕਰਕੇ ਲੇਟ ਜਾਵੇ ਜਾਂ ਸਿਮਰਨ ਤੇ ਬੈਠਿਆਂ ਜੋ ਦਰਸ਼ਨ ਹੁੰਦੇ ਹਨ ਉਸ ਤੋਂ ਵੱਡੀ ਹੋਰ ਕੋਈ ਬਖਸ਼ਿਸ਼ ਨਹੀਂ ਹੈ।

**ਨਾਨਕ ਜਾਪੀ ਜਪੁ ਜਾਪੁ ॥**

**ਸਭ ਤੇ ਊਚ ਜਾ ਕਾ ਪਰਤਾਪੁ ॥੪॥**

ਸਭ ਤੋਂ ਉੱਤਮ ਨਾਮ ਦਾ ਜਾਪ ਕਰਨਾ ਹੈ।

*ਸੋਧਤ ਸੋਧਤ ਸੋਧਿ ਬੀਚਾਰਾ ॥*

*ਬਿਨੁ ਹਰਿ ਭਜਨ ਨਹੀ ਛੁਟਕਾਰਾ ॥ (ਅੰਗ 260)*

ਸਭ ਤੋਂ ਉਤੱਮ ਬਖਸ਼ਿਸ਼ ਨਾਮ ਦਾ ਜਪਣਾ ਹੈ।

*ਨਾਮ ਜਪਤ ਗੋਬਿੰਦ ਕਾ ਸੂਚੀ ਭਈ ਰਸਨਾ।*

ਨਾਮ ਜਪਣ ਨਾਲ ਜ਼ੁਬਾਨ ਸੁੱਚੀ ਹੋ ਜਾਂਦੀ ਹੈ। ਫੇਰ ਜੀਵ ਜੋ ਕੁੱਛ ਵੀ ਮੰਗਦਾ ਹੈ ਹਜ਼ੂਰ ਬਖਸ਼ਿਸ਼ ਕਰ ਦਿੰਦੇ ਹਨ।

# ਸਤਿਸੰਗ ਸੰਗ੍ਰਾਂਦ ਮਹੀਨਾ ਹਾੜ

**ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ** (ਅੰਗ 1108)

**ਆਸਾੜੁ ਭਲਾ ਸੂਰਜੁ ਗਗਨਿ ਤਪੈ॥**

ਹਾੜ ਦਾ ਮਹੀਨਾ 15.6.2010 ਮੰਗਲਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ ਸ਼ਾਂਤੀ, ਖੁਸ਼ੀਆਂ, ਖੇੜੇ, ਇਤਿਫਾਕ, ਕਾਰੋਬਾਰਾਂ ਵਿੱਚ ਵਾਧੇ ਅਤੇ ਨਾਮ ਦੀ ਦਾਤ ਬਖਸ਼ਦਿਆਂ ਹੋਇਆਂ ਹਜ਼ੂਰ ਨੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ। ਦੁੱਖਾਂ ਕਲੇਸ਼ਾਂ ਦਾ ਨਾਸ਼ ਕਰਨ ਅਤੇ ਖੁਸ਼ੀਆਂ ਖੇੜੇ ਬਖਸ਼ਣ।

ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*
*(ਅੰਗ 1395)*

ਸਾਨੂੰ ਇੱਕ ਚਿਤਾਵਨੀ, ਸੋਝੀ, ਭੇਦ ਬਖਸ਼ ਰਹੇ ਹਨ ਕਿਉਂਕਿ ਸੰਤਾਂ ਨੇ ਜੀਵ ਨੂੰ ਬਾਰ-ਬਾਰ ਗੁਰਬਾਣੀ ਵਿੱਚ ਵੀ ਜਾਗ੍ਰਿਤ ਕੀਤਾ ਹੈ ਅਤੇ ਉਂਝ ਵੀ ਉਚਾਰਣ ਕੀਤਾ ਹੈ ਕਿ

*ਦੁਖ ਮੇਂ ਸਿਮਰਨ ਸਭ ਕਰੇ ਸੁਖ ਮੇਂ ਕਰੇ ਨਾ ਕੋਇ।*
*ਜੇ ਸੁਖ ਮੇਂ ਸਿਮਰਨ ਕਰੇ ਤਾ ਦੁਖ ਕਾਹੇ ਹੋਇ।*

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਹਾੜ ਦਾ ਮਹੀਨਾ ਅੱਛਾ ਹੈ ਭਲਾ ਹੈ। ਜਦੋਂ ਜੀਵ ਨੂੰ ਗਰਮੀ ਲੱਗਦੀ ਹੈ, ਪੈਰ ਤਪਦੇ ਹਨ ਉਦੋਂ ਜੀਵ ਮਾਲਿਕ ਨੂੰ ਯਾਦ ਕਰਦਾ ਹੈ। ਅੱਜ ਕੱਲ ਤਾਂ ਬੱਚਿਆਂ ਕੋਲ ਬਹੁਤ ਜੁੱਤੀਆਂ ਹੁੰਦੀਆਂ ਹਨ। ਜਦੋਂ ਤੱਕ ਜੁੱਤੀ ਖੁਦ ਬੋਲ ਕੇ ਨਾ ਦੱਸੇ ਕਿ ਮੈਂ ਕਿੱਥੇ ਪਈ ਹਾਂ ਓਨੀ ਦੇਰ ਲੱਭਦੀ ਨਹੀਂ ਹੈ। ਸਾਡੇ ਸਮੇਂ ਵਿੱਚ ਇੱਕ ਧੌੜੀ ਦੀ ਜੁੱਤੀ ਹੁੰਦੀ ਸੀ ਇੱਕ ਕਰੋਮ ਦੀ ਹੁੰਦੀ ਸੀ। ਤੁਰਦੇ ਸਮੇਂ ਨੰਗੇ ਪੈਰੀਂ ਤੁਰਨਾ, ਕੋਸ਼ਿਸ਼ ਕਰਨੀ ਕਿ ਘਾਹ ਉੱਪਰ ਤੁਰ ਲਈਏ ਕਿਉਂਕਿ ਘਾਹ ਠੰਡਾ ਹੁੰਦਾ ਹੈ। ਪਰ ਇਹ ਸੋਚਣਾ ਕਿ ਜੁੱਤੀ ਟੁੱਟ ਨਾ ਜਾਵੇ ਇਸ ਕਰਕੇ ਨੰਗੇ ਪੈਰੀਂ ਤੁਰਨਾ ਅਤੇ ਨੰਗੇ ਪੈਰੀਂ ਖੇਡਦੇ ਸੀ। ਇਸ ਮਹੀਨੇ ਵਿੱਚ ਜਦੋਂ ਜੀਵ ਦੇ ਪੈਰ ਸੜਦੇ ਹਨ, ਗਰਮੀ ਲੱਗਦੀ ਹੈ ਤਦ ਉਹ ਮਾਲਿਕ ਕੋਲ ਅਰਦਾਸ ਕਰਦਾ ਹੈ ਕਿ ਸੱਚੇ ਪਾਤਿਸ਼ਾਹੋ! ਕਿਰਪਾ ਕਰਕੇ ਬਾਰਿਸ਼ ਪਾਵੋ ਤਾਂ ਕਿ ਠੰਡ ਪਵੇ। ਸੋਈ ਜਦੋਂ ਕਿਸੇ ਜੀਵ ਨੂੰ ਕਿਸੇ ਚੀਜ ਦੀ ਥੁੜ ਹੁੰਦੀ ਹੈ, ਘਾਟ ਹੁੰਦੀ ਹੈ, ਲੋੜ ਹੁੰਦੀ ਹੈ ਉਦੋਂ ਜੀਵ ਮਾਲਿਕ ਕੋਲ ਅਰਦਾਸ ਕਰਦਾ ਹੈ ਕਿ ਸੱਚੇ ਪਾਤਿਸ਼ਾਹੋ! ਸਾਨੂੰ ਆਹ ਚੀਜ ਬਖਸ਼ੋ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਹਾੜ ਦੇ ਮਹੀਨੇ ਵਿੱਚ ਸੂਰਜ ਬਹੁਤ ਤੇਜ ਚਮਕ ਰਿਹਾ ਹੁੰਦਾ ਹੈ, ਗਰਮੀ ਪੈ ਰਹੀ ਹੁੰਦੀ ਹੈ। ਇਸ ਮਹੀਨੇ ਵਿੱਚ ਸਾਰੇ ਜੀਵ, ਪਸ਼ੂ, ਪੰਛੀ ਗਰਮੀ ਤੋਂ ਰਾਹਤ ਲੈਣ ਲਈ ਬੇਨਤੀਆਂ ਕਰਦੇ ਹਨ। ਇਸ ਕਰਕੇ ਇਹ ਮਹੀਨਾ ਭਲਾ ਹੈ ਕਿਉਂਕਿ ਜੀਵ ਮਾਲਿਕ ਨੂੰ ਚੇਤੇ ਤਾਂ ਕਰਦਾ ਹੈ ਚਾਹੇ ਕਿਸੇ ਚੀਜ ਲਈ ਹੀ ਕਰਦਾ ਹੈ।

**ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥**

ਜਿੱਥੇ ਪਾਣੀ ਦਾ ਸਾਧਨ ਨਹੀਂ ਹੈ ਉੱਥੇ ਬੂਟੇ ਅਤੇ ਫਸਲਾਂ ਗਰਮੀ ਨਾਲ ਬਿਲਕੁੱਲ ਸੜ ਕੇ ਸੁੱਕ ਜਾਂਦੇ ਹਨ। ਕਿਉਂਕਿ ਸੂਰਜ ਅੱਜਕੱਲ ਅੱਗ ਦੇ ਸਮਾਨ ਗਰਮੀ ਕਰਦਾ ਹੈ। ਇਸ ਗਗਨ ਦੀ ਤਪਸ਼ ਤੋਂ ਘਬਰਾ ਕੇ ਜੀਵ ਰਾਹਤ ਲਈ ਫਰਿਆਦ ਕਰਦਾ ਹੈ।

**ਅਗਨਿ ਰਸੁ ਸੋਖੈ ਮਰੀਐ ਧੋਖੈ**

**ਭੀ ਸੋ ਕਿਰਤੁ ਨ ਹਾਰੇ॥**

ਪਰ ਕਿਸਾਨ, ਜਿਮੀਂਦਾਰ ਐਨੀ ਗਰਮੀ ਵਿੱਚ ਵੀ ਦਿਲ ਨਹੀਂ ਛੱਡਦਾ। ਚਾਹੇ ਉਹ ਸਿਰ ਉੱਪਰ ਕੱਪੜਾ ਬੰਨ੍ਹ ਕੇ ਹੀ ਬਾਹਰ ਕਿਰਤ ਕਰੇ ਉਹ ਕਿਰਤ ਵਿੱਚ ਕੋਈ ਕਮੀ ਨਹੀਂ ਆਉਣ ਦਿੰਦਾ। ਅਗਰ ਗਰਮੀ ਕਾਰਨ ਉਹ ਖੇਤ ਵਿੱਚ ਹਲ ਨਹੀਂ ਚਲਾਏਗਾ ਜਾਂ ਫਸਲ ਬੀਜਣ ਦੀ ਤਿਆਰੀ ਨਹੀਂ ਕਰੇਗਾ ਤਦ ਉਹ ਭੁੱਖਾ ਮਰੇਗਾ। ਇਸ ਕਰਕੇ ਕਿਰਤੀ ਕਿਸਾਨ ਗਰਮੀ ਸਹਾਰਦਾ ਹੋਇਆ ਵੀ ਕਿਰਤ ਕਰੀ ਜਾਂਦਾ ਹੈ। ਦੂਸਰੇ ਕਾਰੋਬਾਰਾਂ ਵਾਲੇ ਜੀਵ ਵੀ ਕਾਰੋਬਾਰ ਕਰੀ ਜਾਂਦੇ ਹਨ। ਉਹ ਗਰਮੀ ਕਾਰਨ ਹਾਰ ਨਹੀਂ ਮੰਨਦਾ ਪਰ ਮਾਲਿਕ ਕੋਲ ਅਰਦਾਸ ਜ਼ਰੂਰ ਕਰਦਾ ਹੈ।

**ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ॥**

ਇਸ ਅਗਨੀ ਦੇ ਰਥ ਦੇ ਚਲਦਿਆਂ ਟਿੱਡੀਆਂ ਵੀ ਛਾਂ ਦਾ ਆਸਰਾ ਤੱਕਦੀਆਂ ਹਨ। ਪਰ ਜੋ ਟਿੱਡੀ ਦੀ ਨਸਲ ਹੈ ਉਹ ਭੁੱਖ ਦੀ ਮਾਰੀ ਹੋਈ ਆਪਣੀ ਛਾਂ ਦੇਣ ਵਾਲੇ ਬੂਟੇ ਨੂੰ ਹੀ ਖਾਈ ਜਾਂਦੀ ਹੈ। ਅਸੀਂ ਜੀਵ ਵੀ ਕਈ ਵਾਰ ਮਾਲਿਕ ਦੀ ਰਹਿਮਤ ਦੀ ਪ੍ਰਾਪਤੀ ਲਈ ਮਾਲਿਕ ਨਾਲ ਖਿਝਦੇ ਹਾਂ, ਨਿਹੋਰੇ ਕਰਦੇ ਹਾਂ, ਰੋਸ ਕਰਦੇ ਹਾਂ। ਪ੍ਰੰਤੂ ਅਗਰ ਅਸੀਂ ਆਪਣੀ ਛਾਂ ਨੂੰ ਗੁਆ ਬੈਠਾਂਗੇ ਫੇਰ ਬਖਸ਼ਿਸ਼ ਨਹੀਂ ਹੋਵੇਗੀ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਅਗਰ ਗਰਮੀ ਹੈ ਤਦ ਮਾਲਿਕ ਨੂੰ ਚੇਤੇ ਕਰੋ। ਅਗਰ ਦੁੱਖ ਹੈ ਤਦ ਵੀ ਮਾਲਿਕ ਨੂੰ ਚੇਤੇ ਜ਼ਰੂਰ ਕਰੋ। ਕਿਉਂਕਿ ਦੁੱਖ ਵਿੱਚ ਅਰਦਾਸ ਕਰਨੀ ਚਾਹੀਦੀ ਹੈ, ਸੁੱਖ ਵਿੱਚ ਸ਼ੁਕਰਾਨਾ ਕਰਨਾ ਚਾਹੀਦਾ ਹੈ। ਅਗਰ ਸੰਕਟ ਆਉਂਦਾ ਹੈ ਅਰਦਾਸ ਕਰੋ। ਖੁਸ਼ੀ ਮਿਲਦੀ ਹੈ ਤਦ ਸ਼ੁਕਰਾਨਾ ਕਰੋ। ਦੁੱਖ ਆਉਂਦਾ ਹੈ ਤਦ ਮਾਲਿਕ ਦਾ ਸਿਮਰਨ ਕਰੋ ਕਿ ਹਜ਼ੂਰ ਇਹ ਦੁੱਖ ਨਵਿਰਤ ਕਰੋ। ਐਸਾ ਨਹੀਂ ਕਿ ਸੁੱਖ ਆਉਣ ਉਪਰੰਤ ਮਾਲਿਕ ਨੂੰ ਭੁੱਲ ਜਾਈਏ

ਅਤੇ ਸੰਕਟ ਆਉਣ ਉਪਰੰਤ ਅਰਦਾਸ ਨਾ ਕਰੀਏ ਜਾਂ ਦੁੱਖ ਸਮੇਂ ਸਿਮਰਨ ਨਾ ਕਰੀਏ। ਇਹ ਤਿੰਨੇ ਗੱਲਾਂ ਜੀਵ ਨੂੰ ਆਪਣੇ ਜੀਵਨ ਵਿੱਚ ਅਪਨਾਉਣੀਆਂ ਚਾਹੀਦੀਆਂ ਹਨ।

**ਅਵਗਣ ਬਾਧਿ ਚਲੀ ਦੁਖੁ ਆਗੈ**

**ਸੁਖੁ ਤਿਸੁ ਸਾਚੁ ਸਮਾਲੇ॥**

ਅਸੀਂ ਜੀਵ ਤਾਂ ਔਗੁਣਾਂ ਦੀਆਂ ਪੰਡਾਂ ਬੰਨ੍ਹੀ ਫਿਰਦੇ ਹਾਂ। ਜਿਸ ਜੀਵ ਦੇ ਪਾਸ ਸੱਚ ਹੋਵੇਗਾ ਉਸੇ ਨੂੰ ਅੱਗੇ ਸੁਖ ਮਿਲਣਾ ਹੈ। ਬੁੱਲ੍ਹੇ ਸ਼ਾਹ ਫੁਰਮਾਉਂਦੇ ਹਨ ਕਿ

*ਮੈਂ ਕੁਸੁੰਭੜਾ ਚੁਗ-ਚੁਗ ਹਾਰੀ,*

*ਨੀ ਮੈਂ ਕੁਸੁੰਭੜਾ ਚੁਗ-ਚੁਗ ਹਾਰੀ।*

*ਲੋਕਾਂ ਚੁਗਿਆ ਪੋਆ ਪੋਆ ਤੇ ਮੈਂ ਭਰ ਲਈ ਪਟਾਰੀ।*

ਕੁਸੁੰਭੜਾ ਦੁਨਿਆਵੀ ਚੀਜਾਂ ਨੂੰ ਕਹਿੰਦੇ ਹਨ। ਲੋਕਾਂ ਨੇ ਕਾਮ, ਕਰੋਧ, ਲੋਭ, ਮੋਹ, ਹੰਕਾਰ ਵਿੱਚ ਫਸ ਕੇ ਥੋੜ੍ਹੀ ਗਲਤੀ ਕੀਤੀ ਪਰ ਮੈਂ ਗਲਤੀਆਂ ਦੀਆਂ ਪਟਾਰੀਆਂ ਅਰਥਾਤ ਪੰਡਾਂ ਬੰਨ੍ਹ ਲਈਆਂ।

*ਔਖੀ ਘਾਟੀ ਮੁਸ਼ਕਲ ਪੈਂਡਾ ਸਿਰ 'ਤੇ ਗਠੜੀ ਭਾਰੀ।*

ਬਹੁਤ ਭਿਆਨਕ ਸਮਾਂ ਆਉਣਾ ਹੈ ਫੇਰ ਉੱਥੇ ਇਹਨਾਂ ਪਾਪਾਂ ਦੀ ਪੰਡ ਚੁੱਕੀ ਨਹੀਂ ਜਾਣੀ। ਉਸ ਜਗ੍ਹਾ ਤੇ ਬਹੁਤ ਭੀੜੀ ਗਲੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ ਦਰਜ ਹੈ ਕਿ

*ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥*
*(ਅੰਗ 918)*

ਹਜ਼ੂਰ ਕਬੀਰ ਸਾਹਿਬ ਜੀ ਨੇ ਸਪੱਸ਼ਟ ਫੁਰਮਾਇਆ ਹੈ ਕਿ

*ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ ਦਸਵੇਂ ਭਾਇ॥*

ਪੋਸਤ ਦੇ ਬੂਟੇ ਵਿੱਚ ਇੱਕ ਰਾਈ ਹੁੰਦੀ ਹੈ ਉਸ ਰਾਈ ਦੇ ਬਰੀਕ ਜਿਹੇ ਦਾਣੇ ਦੇ ਵੀ ਦਸਵੇਂ ਹਿੱਸੇ ਜਿੰਨੇ ਬਰੀਕ ਰਸਤੇ ਰਾਹੀਂ ਜੀਵ ਦੀ ਆਤਮਾ ਲੰਘਦੀ ਹੈ

*ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ ਦਸਵੇਂ ਭਾਇ॥*

*ਮਨੁ ਤਉ ਮੈਗਲੁ ਹੋਇ ਰਹਿਓ*

*ਨਿਕਸੋ ਕਿਉ ਕੈ ਜਾਇ॥੫੮॥ (ਅੰਗ 1367)*

ਸਾਡਾ ਮਨ ਹਾਥੀ ਬਣਿਆ ਬੈਠਾ ਹੈ ਉਸ ਸੁਰਾਖ ਵਿੱਚੋਂ ਕਿੰਝ ਲੰਘੇਗਾ। ਫੇਰ ਹਜ਼ੂਰ ਕਬੀਰ ਸਾਹਿਬ ਜੀ ਨੂੰ ਪੁੱਛਿਆ ਗਿਆ ਕਿ ਫੇਰ ਜੀਵ ਨੂੰ ਕੀ ਕਰਨਾ ਚਾਹੀਦਾ ਹੈ। ਤਦ ਉਹਨਾਂ ਨੇ ਉੱਤਰ ਵਿੱਚ ਫੁਰਮਾਇਆ ਕਿ

*ਕਬੀਰ ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ॥*

*ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ॥੫੯॥*
*(ਅੰਗ 1367)*

ਇਤਿਹਾਸ ਦੱਸਦਾ ਹੈ ਕਿ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਘੋੜੇ ਉੱਪਰ ਸਵਾਰ ਹੀ ਉਸ ਦੁਆਰ ਰਾਹੀਂ ਲੰਘ ਗਏ। ਲੋਕਾਂ ਨੇ ਉਹਨਾਂ ਦੇ ਦਰਸ਼ਨ ਵੀ ਕੀਤੇ। ਅਗਰ ਮਾਲਿਕ ਦੀ ਕਿਰਪਾ ਹੋਵੇ ਤਦ ਉਹ ਦਰਵਾਜਾ ਵੀ ਖੁੱਲ੍ਹਾ ਹੋ ਜਾਂਦਾ ਹੈ। ਸੋਈ ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਅੱਗੇ ਸੱਚ ਨੇ ਨਾਲ ਜਾਣਾ ਹੈ। ਜੋ ਸੱਚ ਨੂੰ ਇਕੱਠਾ ਕਰਨਗੇ ਉਹ ਸੁਖ ਪਾਉਣਗੇ। ਪਰ ਜੋ ਔਗੁਣ ਇੱਕਠੇ ਕਰਦੇ ਹਨ ਉਹ ਦੁੱਖ ਪਾਉਂਦੇ ਹਨ।

**ਨਾਨਕ ਜਿਸ ਨੋ ਇਹੁ ਮਨੁ ਦੀਆ**

**ਮਰਣੁ ਜੀਵਣੁ ਪ੍ਰਭ ਨਾਲੇ॥੮॥**

ਇਹ ਮਨ ਦੇਹ ਵਿੱਚ ਬਿਠਾਇਆ ਹੈ। ਮਨ ਨੂੰ ਇਹ ਵੀ ਦੱਸ ਦਿੱਤਾ ਕਿ ਜੰਮਣ ਮਰਨ ਬਣਿਆ ਹੈ ਇੱਥੇ ਆਉਣਾ ਵੀ ਹੈ ਅਤੇ ਹਰ ਇੱਕ ਨੇ ਵਾਪਿਸ ਵੀ ਜਾਣਾ ਹੈ। ਪਰ ਮਨ ਫੇਰ ਵੀ ਇਹ ਨਹੀਂ ਸਮਝਦਾ ਕਿ ਮੈਂ ਜਾਣ ਦੀ ਤਿਆਰੀ ਕਰਾਂ ਜਾਂ ਅੱਛੇ ਕਰਮ ਕਰਾਂ ਜੋ ਅੱਗੇ ਦਰਗਾਹ ਵਿੱਚ ਕੰਮ ਆਉਣ।

*ਅਮਲ ਜਿ ਕੀਤਿਆ ਦੁਨੀ ਵਿਚਿ*

*ਸੇ ਦਰਗਹ ਓਗਾਹਾ॥੯੮॥ (ਅੰਗ 1383)*

ਇਸ ਕਰਕੇ ਸਾਨੂੰ ਮਨ ਨੂੰ ਸਮਝਾਉਣਾ ਚਾਹੀਦਾ ਹੈ ਕਿ ਮਨਾ! ਤੂੰ ਸਦਾ ਇੱਥੇ ਸਥਿਰ ਨਹੀਂ ਰਹਿਣਾ। ਇਸ ਕਰਕੇ ਤੂੰ ਅੱਛੇ ਅਮਲ, ਨੇਕੀਆਂ ਕਰ, ਸਿਮਰਨ ਕਰ ਤਾਂ ਕਿ ਦਰਗਾਹ ਵਿੱਚ ਤੈਨੂੰ ਸੁਖ ਮਿਲੇ

*ਇਹ ਲੋਕ ਸੁਖੀਏ ਪਰਲੋਕ ਸੁਹੇਲੇ॥ (ਅੰਗ 292-93)*

ਤਾਂ ਕਿ ਮਨਾ ਤੇਰੀ ਆਤਮਾ ਇੱਥੇ ਅਤੇ ਉੱਥੇ ਦੋਹਾਂ ਜਹਾਨਾਂ ਵਿੱਚ ਸੁਰਖਰੂ ਹੋਵੇ।

ਸੋਈ ਹਾੜ ਦਾ ਮਹੀਨਾ ਮੰਗਲਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ ਸ਼ਾਂਤੀ, ਖੇੜੇ, ਇਤਿਫਾਕ, ਕਾਰੋਬਾਰਾਂ ਵਿੱਚ ਵਾਧੇ ਅਤੇ ਨਾਮ ਦੀ ਦਾਤ ਬਖਸ਼ਦਿਆਂ ਹੋਇਆਂ ਹਜ਼ੂਰ ਨੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਹੁਣ ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਇਸ ਮਹੀਨੇ ਬਾਰੇ ਮਾਝ ਰਾਗ ਵਿੱਚ ਜੋ ਭੇਦ ਬਖਸ਼ ਰਹੇ ਹਨ ਉਹ ਵੀ ਆਪਾਂ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

**ਬਾਰਹਮਾਹਾ ਮਾਂਝ ਮਹਲਾ ੫॥ (ਅੰਗ 134)**

**ਆਸਾੜੁ ਤਪੰਦਾ ਤਿਸੁ ਲਗੈ**

**ਹਰਿ ਨਾਹੁ ਨ ਜਿੰਨਾ ਪਾਸਿ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ ਭੇਦ ਬਖਸ਼ ਰਹੇ ਹਨ। ਅਗਰ ਤੁਹਾਨੂੰ ਕਿਸੇ ਨੂੰ ਸਮਾਂ ਮਿਲੇ ਤਾਂ ਬਾਬਾ ਬਕਾਲਾ ਸਾਹਿਬ ਵਿਖੇ ਜਾਉ। ਉੱਥੇ ਭੋਰਾ ਸਾਹਿਬ ਹੈ ਜਿੱਥੇ ਹਜ਼ੂਰ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਛੱਬੀ ਸਾਲ, ਨੌਂ ਮਹੀਨੇ, ਤੇਰ੍ਹਾਂ ਦਿਨ ਭੋਰੇ ਵਿੱਚ ਬੈਠ ਕੇ ਸਿਮਰਨ ਕੀਤਾ ਸੀ। ਉਸ ਭੋਰੇ ਨੂੰ ਕੋਈ ਖਿੜਕੀ, ਦਰਵਾਜਾ ਜਾਂ ਪੱਖਾ ਨਹੀਂ ਹੈ। ਉਹਨਾਂ ਨੇ ਭੋਰੇ ਵਿੱਚ ਪਿਛਲੇ ਪਾਸੇ ਬਾਂਸ ਦੀਆਂ ਕਿੱਲੀਆਂ ਗੱਡੀਆਂ ਹੋਇਆਂ ਸਨ ਕਿ ਮੈਂ ਢੋਅ ਵੀ ਨਾ ਲਾ ਸਕਾਂ। ਐਸੀ ਜਗ੍ਹਾ ਤੇ ਉਹਨਾਂ ਨੂੰ

ਕਦੇ ਵੀ ਗਰਮੀ ਮਹਿਸੂਸ ਨਹੀਂ ਹੁੰਦੀ ਜਿਹਨਾਂ ਦੇ ਕੋਲ ਨਾਮ ਦਾ ਧਨ, ਸਿਮਰਨ ਹੈ। ਇਸੇ ਤਰ੍ਹਾਂ ਰੋਹਤਾਂਗ ਪਾਸ ਵਿਖੇ ਬਿਆਸ ਰਿਸ਼ੀ ਜੀ ਨੇ ਅੱਸੀ ਹਜ਼ਾਰ ਸਾਲ ਤਪੱਸਿਆ ਕੀਤੀ ਜਿੱਥੇ ਬਰਫ ਹੀ ਬਰਫ ਹੈ। ਵਸ਼ਿਸ਼ਟ ਜੀ ਨੇ ਮਨੀਕਰਨ ਤੋਂ ਅੱਗੇ ਵਸ਼ਿਸ਼ਟ ਕੁਟੀਆ ਆਉਂਦੀ ਹੈ ਉੱਥੇ ਬੈਠ ਕੇ ਅਠਾਸੀ ਹਜ਼ਾਰ ਸਾਲ ਤਪੱਸਿਆ ਕੀਤੀ। ਸੋਈ ਸਿਮਰਨ ਕਰਨ ਵਾਲਿਆਂ ਨੂੰ ਗਰਮੀ ਵੀ ਨਹੀਂ ਲੱਗਦੀ ਅਤੇ ਠੰਢ ਵੀ ਨਹੀਂ ਲੱਗਦੀ। ਸਿਮਰਨ ਜੋ ਨਾਮ ਤਾਕਤ ਹੈ ਉਸ ਸਰਦੀ ਅਤੇ ਗਰਮੀ ਦੋਹਾਂ ਨੂੰ ਰੋਕਦੀ ਹੈ। ਜਿਹਨਾਂ ਦੇ ਕੋਲ ਸਿਮਰਨ ਨਹੀਂ ਹੁੰਦਾ ਉਹਨਾਂ ਨੂੰ ਗਰਮੀ ਜ਼ਿਆਦਾ ਲੱਗਦੀ ਹੈ। ਇਸੇ ਤਰ੍ਹਾਂ ਕਿਰਤੀ ਇਨਸਾਨ, ਕਿਰਸਾਨ, ਮਜਦੂਰ ਮਾਲਿਕ ਦਾ ਨਾਮ ਲੈ ਕੇ ਕਿਰਤ ਕਰਨ ਲਈ ਤੁਰ ਪੈਂਦੇ ਹਨ। ਇਸ ਕਰਕੇ ਉਹਨਾਂ ਨੂੰ ਵੀ ਗਰਮੀ ਨਹੀਂ ਲੱਗਦੀ।

**ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥**

ਉਸ ਮਾਲਿਕ ਦੀਆਂ ਬਖਸ਼ੀਆਂ ਦਾਤਾਂ ਨੂੰ ਅਸੀਂ ਭੁੱਲ ਜਾਂਦੇ ਹਾਂ। ਅਫ਼ਸਰਾਂ ਲਈ ਚਾਪਲੂਸੀਆਂ ਕਰਦੇ ਹਾਂ ਉਹਨਾਂ ਤੋਂ ਆਸਾਂ ਰੱਖਦੇ ਹਾਂ। ਮਾਲਿਕ ਦੀ ਆਸ ਛੱਡ ਦਿੰਦੇ ਹਾਂ ਤਦ ਅਸੀਂ ਮਾਰ ਖਾਂਦੇ ਹਾਂ।

**ਦੂਜੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥**

ਜਦੋਂ ਅਸੀਂ ਮਾਲਿਕ ਨੂੰ ਛੱਡ ਕੇ ਦੂਜੇ ਪਾਸੇ ਜਾਂਦੇ ਹਾਂ ਫੇਰ ਕਾਲ ਦਾ ਫੰਦਾ ਸਾਡੇ ਗਲ ਪੈ ਜਾਂਦਾ ਹੈ। ਹਜ਼ੂਰ ਪੰਜਵੇਂ ਪਾਤਿਸ਼ਾਹ ਸਮਰੱਥ ਸਤਿਗੁਰੂ ਐਸਾ ਰਾਜ਼ ਅਤੇ ਭੇਦ ਬਖਸ਼ ਰਹੇ ਹਨ ਕਿ ਐ ਜੀਵ! ਜਦੋਂ ਤੂੰ ਮਾਲਿਕ ਨੂੰ ਵਿਸਰ ਜਾਵੇਂਗਾ ਫੇਰ ਤੈਨੂੰ ਕਈ ਉਪਾਧੀਆਂ ਪੇਸ਼ ਆਉਣਗੀਆਂ।

*ਤੂੰ ਵਿਸਰਹਿ ਤਾਂ ਸਭੁ ਕੋ ਲਾਗੂ*
*ਚੀਤਿ ਆਵਹਿ ਤਾਂ ਸੇਵਾ॥ (ਅੰਗ 383)*

ਜਦੋਂ ਜੀਵ ਮਾਲਿਕ ਨੂੰ ਵਿਸਰਦਾ ਹੈ ਫੇਰ ਉੱਥੇ ਬਿਮਾਰੀਆਂ, ਝਗੜੇ, ਮੁਕੱਦਮੇ ਸਭ ਲਾਗੂ ਹੋ ਜਾਂਦੇ ਹਨ ਅਤੇ ਜਮ ਦੀ ਫਾਹੀ ਜੀਵ ਦੇ ਗਲ ਪੈ ਜਾਂਦੀ ਹੈ।

**ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥**

ਜਿਸ ਤਰ੍ਹਾਂ ਦਾ ਅਸੀਂ ਅਮਲ ਕਰਾਂਗੇ, ਕਰਮ ਕਰਾਂਗੇ ਉਸੇ ਤਰ੍ਹਾਂ ਦਾ ਫਲ ਪਾਵਾਂਗੇ। ਇੱਕ ਮਸਤਕ ਰੇਖਾ ਹੈ ਅਗਰ ਜੀਵ ਦੇ ਪਿਛਲੇ ਕਰਮ ਵਧੀਆ ਹਨ ਤਦ ਉਹ ਜੀਵ ਨੂੰ ਅੱਛੇ ਪਾਸੇ ਲਾਉਂਦੀ ਹੈ। ਅਗਰ ਜੀਵ ਦਾ ਕੋਈ ਪਿਛਲਾ ਕਰਮ ਮਾੜਾ ਹੈ ਤਦ ਉਹ ਜੀਵ ਨੂੰ ਦੂਜੇ ਪਾਸੇ ਲੈ ਜਾਂਦੀ ਹੈ। ਸੰਤ ਐਸੀਆਂ ਬਹੁਤ ਸਾਰੀਆਂ ਰੇਖਾਵਾਂ ਨੂੰ ਬਦਲ ਦਿੰਦੇ ਹਨ।

*ਤੁਲਸੀ ਲਿਖੀ ਨਸੀਬ ਕੀ ਸੰਤ ਦੇਤ ਹੈਂ ਫੇਰ*
*ਸੰਤ ਦੇਤ ਹੈਂ ਫੇਰ ਹਾਥ ਮੇਂ ਉਨਕੇ ਸਾਹਿਬ*
*ਉਨਸੇ ਕਰਤਾ ਭੀ ਡਰੇ।*

ਇਹ ਦੇਸ਼ ਕਾਲ ਦਾ ਦੇਸ਼ ਹੈ ਪਰ ਜੋ ਜੀਵ ਗੁਰੂ ਦੀ ਸ਼ਰਨ ਵਿੱਚ ਰਹਿੰਦੇ ਹਨ ਉੱਥੇ ਕਾਲ ਵੀ ਐਕਸ਼ਨ ਨਹੀਂ ਕਰਦਾ ਸਗੋਂ ਸੇਵਾ ਕਰਦਾ ਹੈ। ਅਗਰ ਜੀਵ ਗੁਰਬਾਨੀ ਦੀ ਸ਼ਰਨ ਵਿੱਚ ਰਹਿੰਦਾ ਹੈ ਤਦ ਵੀ ਉਹ ਕਰਮ ਟਲ ਜਾਂਦਾ ਹੈ।

**ਰੈਣਿ ਵਿਹਾਣੀ ਪਛੁਤਾਣੀ**
**ਉਠਿ ਚਲੀ ਗਈ ਨਿਰਾਸ॥**

ਵੇਦਾਂ ਸ਼ਾਸਤਰਾਂ ਵਿੱਚ ਦਰਜ ਹੈ ਕਿ

*ਰਾਤੀਂ ਜਾਗਰੇ ਹਕੀਮ ਅਦਾਰੇ।*

ਰਾਤ ਨੂੰ ਜਾਗ ਕੇ ਸਿਮਰਨ ਕਰਨਾ ਚਾਹੀਦਾ ਹੈ ਅਤੇ ਹਕੀਮ ਅਤੇ ਡਾਕਟਰ ਦਾ ਸਤਿਕਾਰ ਕਰਨਾ ਚਾਹੀਦਾ ਹੈ। ਅਗਰ ਅਸੀਂ ਰਾਤ ਸੌਂ ਕੇ ਗੁਜਾਰਦੇ ਹਾਂ ਤਦ ਸਾਡੀ ਜ਼ਿੰਦਗੀ ਐਂਤਰ ਹੀ ਬੀਤ ਜਾਣੀ ਹੈ।

*ਫਰੀਦਾ ਚਾਰਿ ਗਵਾਇਆ ਹੰਢਿ ਕੈ*
*ਚਾਰਿ ਗਵਾਇਆ ਸੰਮਿ॥*
*ਲੇਖਾ ਰਬੁ ਮੰਗੇਸੀਆ*
*ਤੂ ਆਂਹੋ ਕੇਰ੍ਹੇ ਕੰਮਿ॥੩੮॥* *(ਅੰਗ 1379)*

ਤਥਾ

*ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥*
*ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥੧॥*
*(ਅੰਗ 156)*

ਅਸੀਂ ਰਾਤ ਸੌਂ ਕੇ ਅਤੇ ਦਿਨ ਖਾ ਕੇ ਗੁਜਾਰ ਦਿੰਦੇ ਹਾਂ। ਫੇਰ ਪਛਤਾਇਆ ਕਿਸੇ ਕੰਮ ਨਹੀਂ ਆਉਂਦਾ ਕਿਉਂਕਿ

*ਆਛੇ ਦਿਨ ਪਾਛੇ ਗਏ ਗੁਰ ਸੇ ਕੀਆ ਨ ਹੇਤ।*
*ਅਬ ਪਛਤਾਏ ਕਿਆ ਹੋਤ*
*ਜਬ ਚਿੜੀਆਂ ਚੁਗ ਗਈਂ ਖੇਤ।*

ਜਦੋਂ ਕਾਮ, ਕਰੋਧ, ਲੋਭ, ਮੋਹ, ਹੰਕਾਰ ਦੀਆਂ ਚਿੜੀਆਂ ਨੇ ਸੁਆਸ ਚੁਗ ਲਏ ਫੇਰ ਪਛਤਾਵਾ ਕਿਸੇ ਕੰਮ ਨਹੀਂ ਆਉਣਾ।

**ਜਿਨ ਕਉ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ॥**

ਪਰ ਜੋ ਸਾਧੂ ਦੀ ਸੰਗਤ ਕਰਦੇ ਹਨ ਦਰਗਾਹ ਵਿੱਚ ਕਾਲ ਉਹਨਾਂ ਦਾ ਕੁਝ ਨਹੀਂ ਵਿਗਾੜ ਸਕਦਾ।

*ਧਰਮ ਰਾਇ ਅਬ ਕਹਾ ਕਰੈਗੋ*
*ਜਉ ਫਾਟਿਓ ਸਗਲੋ ਲੇਖਾ॥ (ਅੰਗ 614)*

ਉਹ ਸਾਧੂ ਜੀਵ ਦੇ ਕਰਮਾਂ ਦਾ ਲੇਖਾ ਹੀ ਪਾੜ ਦਿੰਦੇ ਹਨ। ਕਿਸੇ ਜੀਵ ਨੇ ਕਿਸੇ ਤੋਂ ਕਰਜਾ ਲਿਆ ਸੀ। ਜਿਸ ਕਾਰਨ ਉਹ ਉਸ ਮਾਲਿਕ ਕੋਲ ਨੌਕਰੀ ਕਰ ਰਿਹਾ ਸੀ। ਉਹ ਮਾਲਿਕ ਬਹੁਤ ਸਖਤੀ ਕਰ ਰਿਹਾ ਸੀ। ਕੋਈ ਸ਼ਾਹੂਕਾਰ ਕੋਲੋਂ ਦੀ ਲੰਘ ਰਿਹਾ ਸੀ। ਉਹ ਕਹਿਣ ਲੱਗਾ ਤੂੰ ਇਸ ਜੀਵ ਨੂੰ ਤੰਗ ਕਿਉਂ ਕਰਦਾ ਏਂ? ਉਸ ਨੇ ਕਿਹਾ ਤੈਨੂੰ ਕੀ ਤਕਲੀਫ ਹੈ ਮੈਂ ਤਾਂ ਇਸ ਕੋਲੋਂ ਕਰਜ਼ਾ ਲੈਣਾ ਹੈ ਇਹ ਮੇਰਾ ਕਰਜ਼ਾ ਮੋੜ ਦੇਵੇ। ਪਰ ਉਸ ਜੀਵ ਦੀ ਸਾਰੀ ਜ਼ਿੰਦਗੀ ਵਿਆਜ ਵਿੱਚ ਹੀ ਬਤੀਤ ਹੋ ਰਹੀ ਸੀ। ਸ਼ਾਹੂਕਾਰ ਨੂੰ ਤਰਸ ਆਇਆ ਅਤੇ ਉਸ ਨੇ ਪੁੱਛਿਆ ਕਿ ਇਸ ਨੇ ਕਿੰਨੇ ਪੈਸੇ ਦੇਣੇ ਹਨ। ਉਸ ਨੇ ਦੱਸਿਆ ਕਿ ਦਸ ਹਜ਼ਾਰ ਜਾਂ ਪੰਜ ਹਜ਼ਾਰ ਜਾਂ ਵੀਹ ਹਜ਼ਾਰ ਦੇਣੇ ਹਨ। ਸ਼ਾਹੂਕਾਰ

Monthly **GURBANI UPMA** Regd. No. RN 42490/87
S. G. L. JAN SEWA KENDAR, GARHA, JALANDHAR-144 022.
Phones : 0181-2481500, 0181-2999777

ਨੇ ਓਨੇ ਪੈਸੇ ਕੱਢ ਕੇ ਉਸ ਦੇ ਅੱਗੇ ਸੁੱਟੇ ਕਿ ਚੁੱਕ ਪੈਸੇ ਅਤੇ ਇਸ ਨੂੰ ਆਜ਼ਾਦ ਕਰ। ਇਸ ਤਰ੍ਹਾਂ ਪੂਰਨ ਸਾਧੂ ਸਾਡੇ ਕਰਮਾਂ ਦਾ ਕਰਜ਼ਾ ਚੁਕਾ ਕੇ ਸਾਡੀ ਖਲਾਸੀ ਕਰਵਾ ਦਿੰਦੇ ਹਨ।

**ਕਰਿ ਕਿਰਪਾ ਪ੍ਰਭ ਆਪਣੀ**

**ਤੇਰੇ ਦਰਸਨ ਹੋਇ ਪਿਆਸ॥**

ਇਹ ਕਿਰਪਾ ਉਹਨਾਂ ਉੱਪਰ ਹੀ ਹੁੰਦੀ ਹੈ ਜੋ ਸਾਧੂਆਂ ਦੇ ਦਰਸ਼ਨਾਂ ਦੀ ਪਿਆਸ ਅਤੇ ਤੜਪ ਰੱਖਦੇ ਹਨ। ਜਿਸ ਤਰ੍ਹਾਂ ਮੱਛੀ ਪਾਣੀ ਤੋਂ ਬਿਨਾਂ ਤੜਪਦੀ ਹੈ ਜੀਵ ਦੇ ਹਿਰਦੇ ਅੰਦਰ ਇਸ ਤਰ੍ਹਾਂ ਸਾਧੂ ਦੇ ਦਰਸ਼ਨਾਂ ਦੀ ਤੜਪ ਹੋਣੀ ਚਾਹੀਦੀ ਹੈ। ਜਦੋਂ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੂੰ ਵਿਆਹ ਦੇ ਬਹਾਨੇ ਲਾਹੌਰ ਭੇਜ ਦਿੱਤਾ ਸੀ ਤਦ ਉਹਨਾਂ ਨੇ ਉੱਥੋਂ ਚਿੱਠੀਆਂ ਲਿਖ-ਲਿਖ ਕੇ ਅਰਦਾਸਾਂ, ਜੋਦੜੀਆਂ, ਬੇਨਤੀਆਂ ਕੀਤੀਆਂ ਕਿ ਸਤਿਗੁਰੂ

*ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥*
*ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥*
*ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ*
*ਬਿਨੁ ਦੇਖੇ ਗੁਰ ਦਰਬਾਰੇ ਜੀਉ॥੩॥*
*ਹਉ ਘੋਲੀ ਜੀਉ ਘੋਲਿ ਘੁਮਾਈ*
*ਤਿਸੁ ਸਚੇ ਗੁਰ ਦਰਬਾਰੇ ਜੀਉ॥ (ਅੰਗ 96-97)*

ਤਰਲੇ ਪਾਏ ਕਿ ਹਜ਼ੂਰ ਮੈਨੂੰ ਦਰਸ਼ਨ ਬਖਸ਼ੋ
*ਇੱਕ ਘੜੀ ਦਾ ਵਿਛੋੜਾ ਮੇਰੇ ਮਾਲਿਕਾ*
*ਜੁਗਾਂ ਦੇ ਸਮਾਨ ਹੋ ਗਿਆ।*

ਉਹ ਇਸ ਤਰ੍ਹਾਂ ਮਾਲਿਕ ਦੇ ਦਰਸ਼ਨਾਂ ਲਈ ਤੜਪਦੇ ਹਨ।

**ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ**

**ਨਾਨਕ ਕੀ ਅਰਦਾਸਿ॥**

ਸੱਚੇ ਪਾਤਿਸ਼ਾਹੋ! ਮੇਰੀ ਅਰਦਾਸ ਜੋਦੜੀ ਹੈ ਕਿਸੇ ਨੂੰ ਅਫ਼ਸਰੀ ਦਾ, ਪੈਸੇ ਦਾ ਜਾਂ ਹੋਰ ਕੋਈ ਦੁਨਿਆਵੀ ਮਾਣ ਹੋਵੇਗਾ। ਪਰ ਮੈਨੂੰ ਤੁਹਾਡੇ ਤੋਂ ਬਿਨਾਂ ਕਿਸੇ ਉੱਪਰ ਆਸ ਨਹੀਂ ਹੈ। ਤੁਸੀਂ ਹੀ ਮੇਰੇ ਸਭ ਕੁਝ ਹੋ। ਇਸ ਕਰਕੇ ਮੇਰੀ ਆਸ ਪੂਰੀ ਕਰੋ।

**ਆਸਾੜੁ ਸੁਹੰਦਾ ਤਿਸੁ ਲਗੈ**

**ਜਿਸੁ ਮਨਿ ਹਰਿ ਚਰਣ ਨਿਵਾਸ॥੫॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਹਾੜ੍ਹ ਦਾ ਮਹੀਨਾ ਬਹੁਤ ਹੀ ਕਰਮਾਂ ਵਾਲਾ ਅਤੇ ਅੱਛਾ ਹੈ, ਸੁਹਾਵਣਾ ਹੈ ਜਿਹਨਾਂ ਨੂੰ ਮਾਲਿਕ ਉੱਪਰ ਵਿਸ਼ਵਾਸ ਹੈ। ਜਿਹਨਾਂ ਨੂੰ ਮਾਲਿਕ ਆਪਣੇ ਚਰਨਾਂ ਦਾ ਸਹਾਰਾ, ਚਰਨਾਂ ਵਿੱਚ ਨਿਵਾਸ ਬਖਸ਼ਦੇ ਹਨ ਉਹਨਾਂ ਲਈ ਹਾੜ ਦਾ ਮਹੀਨਾ ਬਹੁਤ ਹੀ ਅੱਛਾ ਅਤੇ ਭਾਗਾਂ ਵਾਲਾ ਹੈ। ਸਾਡਾ ਫਰਜ ਬਣਦਾ ਹੈ ਕਿ ਚਾਹੇ ਗਰਮੀ ਤੋਂ ਡਰਦੇ ਹੀ ਸਿਮਰਨ ਕਰੀਏ ਅਤੇ ਬੇਨਤੀਆਂ ਕਰੀਏ। ਜੋ ਪ੍ਰਾਣੀ ਬੇਨਤੀਆਂ ਕਰਦੇ ਹਨ ਹਜ਼ੂਰ ਹਾੜ੍ਹ ਦਾ ਮਹੀਨਾ ਸੁਹਾਵਣਾ ਬਣ ਕੇ ਉਹਨਾਂ ਨੂੰ ਖੁਸ਼ੀਆਂ ਬਖਸ਼ਦਾ ਹੈ।

ਸੋਈ ਹਾੜ ਦਾ ਮਹੀਨਾ ਮੰਗਲਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ-ਸ਼ਾਂਤੀ, ਖੇੜੇ, ਇਤਿਫਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ, ਨਾਮ ਦੀ ਦਾਤ ਬਖਸ਼ ਕੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਜੋ ਸੰਗਤ ਦੇਸ਼-ਵਿਦੇਸ਼ ਵਿੱਚ ਹੋਣ ਕਰਕੇ ਜਾਂ ਸੇਵਾ ਵਿੱਚ ਲੱਗੀ ਹੋਣ ਕਰਕੇ ਨਹੀਂ ਆ ਸਕੀ ਹਜ਼ੂਰ ਸਭ ਦੀਆਂ ਹਾਜ਼ਰੀਆਂ ਕਬੂਲ ਕਰਕੇ ਸਭ ਨੂੰ ਖੁਸ਼ੀਆਂ ਖੇੜੇ ਬਖਸ਼ਣ।

*ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ **ਬਾਬਾ ਕਸ਼ਮੀਰਾ ਸਿੰਘ** ਨੇ ਕਪੂਰ ਲੇਜ਼ਰ ਗ੍ਰਾਫਿਕਸ ਤੋਂ ਟਾਈਪ ਸੈਟਿੰਗ ਕਰਵਾ ਕੇ ਸੌਰਭ ਇੰਟਰਪ੍ਰਾਇਜ਼ਜ਼, ਜਲੰਧਰ ਤੋਂ ਛਪਵਾ ਕੇ ਐੱਸ. ਜੀ. ਐੱਲ. ਜਨ ਸੇਵਾ ਕੇਂਦਰ, ਗੜ੍ਹਾ, ਜਲੰਧਰ-144022 ਤੋਂ ਪ੍ਰਕਾਸ਼ਿਤ ਕੀਤਾ।*
ਫੋਨ : 0181-2481500, 0181-2999777
www.sglhosp.org

**ਐਡੀਟਰ : ਮਹਿੰਦਰ ਸਿੰਘ ਪਰਵਾਨਾ** | ਜਿਲਦ-23 ਅੰਕ 4 | ਜੂਨ : 2010 | ਕੀਮਤ : 6 ਰੁਪੈ